ਕੀਰਤਪੁਰ ਸਾਹਿਬ

ਡਾ. ਹਰਜਿੰਦਰ ਸਿੰਘ ਦਿਲਗੀਰ



KEERATPUR SAHIB

by

Dr. Harjinder Singh Dilgeer
Ph.D., M.Phil., M.A. (Eng., Phil., Pbi.)
Adi Granth Acharya, D.G Phil., LL.B.

1st Edition : 2002

ISBN 2-930247-02-9

Published by :
SIKH UNIVERSITY CENTRE
P.O. Box 47,
B-4000, Liege-1
Belgium.

Printed at :
PRINTWELL
146, Industrial Focal Point,
Amritsar.

Sole Stockists :
SINGH BROTHERS
Bazar Mai Sewan,
Amritsar - 143 006.

Price : Rs. 60-00

ਤਤਕਰਾ

	—ਪੇਸ਼ਕਾਰੀ	9
1.	ਕੀਰਤਪੁਰ ਸਾਹਿਬ ਦਾ ਨਕਸ਼ਾ	13
2.	ਕੀਰਤਪੁਰ ਸਾਹਿਬ ਦਾ ਪਿਛੋਕੜ	17
3.	ਕੀਰਤਪੁਰ ਸਾਹਿਬ ਦਾ ਮੁੱਢ	19
4.	ਕੀਰਤਪੁਰ ਸਾਹਿਬ ਦੀ ਨੀਂਹ	22
5.	ਗੁਰੂ ਹਰਿਗੋਬਿੰਦ ਸਾਹਿਬ ਦਾ ਕੀਰਤਪੁਰ ਆਉਣਾ	24
6.	ਕੀਰਤਪੁਰ ਦੀ ਪਹਿਲੀ ਲੜਾਈ	26
7.	ਕੀਰਤਪੁਰ ਦੀ ਪਨਾਹ ਵਿਚ ਰਾਜਪੂਤ ਰਾਜੇ	30
8.	ਗੁਰੂ ਹਰਿ ਰਾਇ ਸਾਹਿਬ ਵੇਲੇ ਕੀਰਤਪੁਰ	36
9.	ਦਿੱਲੀ ਤਖ਼ਤ ਦਾ ਝਗੜਾ ਤੇ ਗੁਰੂ ਹਰਿ ਰਾਇ ਸਾਹਿਬ	39
10.	ਗੁਰੂ ਹਰਿਕ੍ਰਿਸ਼ਨ ਸਾਹਿਬ ਵੇਲੇ ਕੀਰਤਪੁਰ	42
11.	ਗੁਰੂ ਤੇਗ਼ ਬਹਾਦਰ ਸਾਹਿਬ ਵੇਲੇ ਕੀਰਤਪੁਰ	51
12.	ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਕੀਰਤਪੁਰ	57
13.	ਕੀਰਤਪੁਰ ਸਾਹਿਬ ਦੇ ਗੁਰਦੁਆਰੇ	59
14.	ਪਤਾਲਪੁਰੀ ਅਤੇ ਸਿੱਖ ਫ਼ਿਲਾਸਫ਼ੀ	64
15.	ਬੀਬੀ ਰੂਪ ਕੌਰ ਦੀ ਪੋਥੀ	65

ਨਕਸ਼ੇ : (ੳ) ਪੰਜਾਬ ਦੇ ਨਕਸ਼ੇ ਵਿਚ ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ

(ਅ) ਕੀਰਤਪੁਰ ਸਾਹਿਬ ਦੇ ਪਿੰਡਾਂ ਦੀ ਹੱਦਬੰਦੀ

(ੲ) ਕੀਰਤਪੁਰ ਨਗਰ ਦਾ 1926 ਦਾ ਇਕ ਨਕਸ਼ਾ

(ਸ) ਊਨਾ ਤੋਂ ਮਾਛੀਵਾੜਾ (ਅਨੰਦਪੁਰ ਸਾਹਿਬ—ਕੀਰਤਪੁਰ ਸਾਹਿਬ ਜ਼ੋਨ ਦੇ ਵੱਖ ਵੱਖ ਗੁਰਦੁਆਰਿਆਂ ਦਾ ਨਕਸ਼ਾ)

ਤਸਵੀਰਾਂ : (ੳ) ਗੁਰਦੁਆਰਾ ਚਰਨ ਕੰਵਲ

(ਅ) ਗੁਰਦੁਆਰਾ ਸ਼ੀਸ਼ ਮਹਲ

(ੲ) ਗੁਰਦੁਆਰਾ ਕੋਟ ਤਖ਼ਤ ਸਾਹਿਬ

(ਸ) ਗੁਰਦੁਆਰਾ ਹਰਿਮੰਦਰ ਸਾਹਿਬ

(ਹ) ਗੁਰਦੁਆਰਾ ਬਾਬਾ ਗੁਰਦਿੱਤਾ (ਦੂਰ ਦੀ ਤਸਵੀਰ)

(ਕ) ਗੁਰਦੁਆਰਾ ਬਾਬਾ ਗੁਰਦਿੱਤਾ (ਉਪਰੋਂ ਲਈ ਤਸਵੀਰ)

(ਖ) ਗੁਰਦੁਆਰਾ ਬਾਉਲੀ ਸਾਹਿਬ

(ਗ) ਗੁਰਦੁਆਰਾ ਤੀਰ ਸਾਹਿਬ

(ਘ) ਗੁਰਦੁਆਰਾ ਚੁਬੱਚਾ ਸਾਹਿਬ

(ਙ) ਗੁਰਦੁਆਰਾ ਮੰਜੀ ਸਾਹਿਬ

(ਚ) ਬੀਬੀ ਰੂਪ ਕੌਰ ਦਾ ਹੱਥੀਂ-ਕੱਢਿਆ ਰੁਮਾਲ

(ਛ) ਬਾਬਾ ਸ੍ਰੀ ਚੰਦ ਦੀ ਸੇਲੀ ਟੋਪੀ

(ਜ) ਬੀਬੀ ਰੂਪ ਕੌਰ ਦੀ ਪੋਥੀ

(ਝ) ਗੁਰਦੁਆਰਾ ਬਿਬਾਨਗੜ੍ਹ

(ਞ) ਗੁਰਦੁਆਰਾ ਤੀਰ ਸਾਹਿਬ ਤੋਂ ਪਤਾਲਪੁਰੀ ਤਕ ਦੀ ਤਸਵੀਰ

ਮੁਖ ਸਫ਼ੇ 'ਤੇ—ਗੁਰਦੁਆਰਾ ਪਤਾਲਪੁਰੀ

ਟਾਈਟਲ ਦੇ ਪਿਛਲੇ ਪਾਸੇ—ਬੀਬੀ ਰੂਪ ਕੌਰ ਦੀ ਪੋਥੀ, ਜੋ ਹੁਣ ਗ਼ਾਇਬ ਹੋ ਚੁੱਕੀ ਹੈ।

(ਤਸਵੀਰਾਂ ਅਖੀਰ ਤੇ ਹਨ)

ਪੇਸ਼ਕਾਰੀ

ਕੀਰਤਪੁਰ ਸਾਹਿਬ ਸਿੱਖ ਤਵਾਰੀਖ਼ ਵਿਚ ਅਹਿਮ ਥਾਂ ਰੱਖਦਾ ਹੈ। ਇਸ ਦੀ ਸਰਜ਼ਮੀਂ 'ਤੇ ਛੇ ਗੁਰੂ ਸਾਹਿਬਾਨ ਦੇ ਕਦਮਾਂ ਦੀ ਛੋਹ ਲੱਗੀ ਸੀ। ਗੁਰੂ ਨਾਨਕ ਸਾਹਿਬ 1520 ਵਿਚ ਏਥੇ ਆਏ ਸਨ। ਉਦੋਂ ਅਜੇ ਇਹ ਨਗਰ ਆਬਾਦ ਨਹੀਂ ਹੋਇਆ ਸੀ। ਇਸ ਨਗਰ ਦੀ ਨੀਂਹ 23 ਅਪਰੈਲ 1624 ਦੇ ਦਿਨ ਰੱਖੀ ਗਈ ਸੀ। ਉਸ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਈ ਕਈ ਸਾਲ ਇਥੇ ਬਿਤਾਏ ਸਨ।

ਛੇ ਗੁਰੂ ਸਾਹਿਬਾਨ ਤੋਂ ਇਲਾਵਾ ਕਈ ਗੁਰੂ-ਪਰਿਵਾਰ ਵੀ ਏਥੇ ਰਹਿੰਦੇ ਰਹੇ ਸਨ। ਬਾਬਾ ਗੁਰਦਿੱਤਾ ਦਾ ਪਰਿਵਾਰ, ਬਾਬਾ ਸੂਰਜ ਮੱਲ ਦਾ ਪਰਿਵਾਰ, ਬੀਬੀ ਰੂਪ ਕੌਰ ਦਾ ਪਰਿਵਾਰ ਇਥੇ ਬਹੁਤ ਚਿਰ ਰਹੇ। ਇਸ ਤੋਂ ਇਲਾਵਾ ਬਾਬਾ ਅਣੀ ਰਾਏ ਤੇ ਬੀਬੀ ਵੀਰੋ ਦੇ ਬੱਚੇ ਵੀ ਏਥੇ ਰਹਿੰਦੇ ਰਹੇ। ਮਾਤਾ ਸੁਲੱਖਣੀ ਦੇ ਪੇਕੇ ਵੀ ਕੁਝ ਚਿਰ ਇਸੇ ਨਗਰ ਵਿਚ ਰਹੇ ਸਨ। ਕੀਰਤਪੁਰ ਸਾਹਿਬ ਵਿਚ ਬਿਲਾਸਪੁਰ, ਹੰਡੂਰ (ਨਾਲਾਗੜ੍ਹ), ਮੰਡੀ, ਨਾਹਨ ਤੇ ਕਈ ਹੋਰ ਰਿਆਸਤਾਂ ਦੇ ਰਾਜੇ ਵੀ ਅਕਸਰ ਆਉਂਦੇ ਜਾਂਦੇ ਰਹੇ ਸਨ। ਭਾਈ ਮਨੀ ਸਿੰਘ, ਉਨ੍ਹਾਂ ਦਾ ਪਰਿਵਾਰ ਤੇ ਕਈ ਸ਼ਹੀਦ ਪਰਿਵਾਰ ਵੀ ਇਸ ਨਗਰੀ ਵਿਚ ਰਹਿੰਦੇ ਰਹੇ ਸਨ।

ਨਵੇਂ ਨਗਰ ਵਸਾਉਣਾ ਉਂਞ ਤਾਂ ਰਾਜਿਆਂ, ਮਹਾਰਾਜਿਆਂ ਅਤੇ ਸਰਕਾਰਾਂ ਦੇ ਕੰਮ ਹੋਇਆ ਕਰਦੇ ਹਨ, ਪਰ ਪੰਜਾਬ ਦੀ ਤਵਾਰੀਖ਼ ਤੋਂ ਪਤਾ ਲੱਗਦਾ ਹੈ ਕਿ ਗੁਰੂ ਸਾਹਿਬ ਨੇ ਵੀ ਕਈ ਨਵੇਂ ਨਗਰ ਵਸਾਏ ਸਨ ਤੇ ਇੰਞ ਹੀ ਕਈ ਨਗਰ ਗੁਰੂ ਸਾਹਿਬ ਦੀ ਛੋਹ ਨਾਲ ਪਵਿੱਤਰ ਹੋ ਗਏ ਸਨ। ਗੁਰੂ ਸਾਹਿਬਾਨ ਦੀ ਕਦਮ ਬੋਸੀ ਕਰਨ ਵਾਲੇ ਨਗਰਾਂ ਵਿੱਚੋਂ ਸਭ ਤੋਂ ਪਹਿਲੀ ਥਾਂ ਨਨਕਾਣਾ ਸਾਹਿਬ ਸੀ। ਇਸ ਮਗਰੋਂ ਇਹ ਮਾਣ ਸੁਲਤਾਨਪੁਰ ਲੋਧੀ, ਖਡੂਰ ਸਾਹਿਬ, ਗੁਰੂ ਦੀ ਵਡਾਲੀ (ਛੇਹਰਟਾ ਸਾਹਿਬ) ਤੇ ਕਈ ਹੋਰ ਨਗਰਾਂ ਦੀ ਮਿੱਟੀ ਨੂੰ ਵੀ ਹਾਸਿਲ ਹੋਇਆ।

ਗੁਰੂ ਸਾਹਿਬ ਦੇ ਆਪ ਵਸਾਏ ਨਗਰਾਂ ਵਿੱਚੋਂ ਸਭ ਤੋਂ ਪਹਿਲਾ ਨਗਰ ਕਰਤਾਰਪੁਰ (ਪਾਕਿਸਤਾਨ) ਸੀ। ਇਸ ਨੂੰ ਗੁਰੂ ਨਾਨਕ ਸਾਹਿਬ ਨੇ ਵਸਾਇਆ ਸੀ। ਇਸ ਤੋਂ ਪਿੱਛੋਂ ਗੁਰੂ ਸਾਹਿਬ ਵਲੋਂ ਵਸਾਏ ਗਏ ਨਗਰ ਗੋਇੰਦਵਾਲ ਤੇ ਫਿਰ ਗੁਰੂ ਦਾ ਚੱਕ (ਅੰਮ੍ਰਿਤਸਰ) ਸਨ। ਇਹ ਦੋਵੇਂ ਨਗਰ ਗੁਰੂ ਅਮਰ ਦਾਸ ਸਾਹਿਬ ਅਤੇ

ਗੁਰੂ ਰਾਮਦਾਸ ਸਾਹਿਬ ਨੇ ਵਸਾਏ ਸਨ। ਇਸ ਮਗਰੋਂ ਗੁਰੂ ਅਰਜਨ ਸਾਹਿਬ ਨੇ ਕਰਤਾਰਪੁਰ (ਜਲੰਧਰ), ਗੋਬਿੰਦਪੁਰ (ਹੁਣ ਸ੍ਰੀ ਹਰਿਗੋਬਿੰਦਪੁਰ) ਤੇ ਤਰਨ ਤਾਰਨ ਵਸਾਏ। ਗੁਰੂ ਹਰਿਗੋਬਿੰਦ ਸਾਹਿਬ ਦੇ ਬੇਟੇ ਬਾਬਾ ਗੁਰਦਿੱਤਾ ਨੇ ਕੀਰਤਪੁਰ ਸਾਹਿਬ ਵਸਾਇਆ। ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਚੱਕ ਨਾਨਕੀ, ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ ਨਗਰਾਂ ਦਾ ਮੁੱਢ ਬੰਨ੍ਹਿਆ।

ਕੀਰਤਪੁਰ ਨਗਰ ਪੰਜਾਬ ਦੇ ਸੰਘਣੀ ਆਬਾਦੀ ਦੇ ਸੈਂਟਰਲ ਇਲਾਕੇ ਤੋਂ ਦੂਰ ਪਹਾੜਾਂ ਅਤੇ ਦਰਿਆ ਦੀ ਗੋਦੀ ਵਿਚ ਵਸਿਆ ਹੋਇਆ ਇਕ ਸ਼ਹਿਰ ਹੈ। ਇਸ ਜਗ੍ਹਾ ਦੋ ਗੁਰੂ ਸਾਹਿਬਾਨ (ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ) ਨੇ ਜਨਮ ਲਿਆ। ਇਸ ਨਗਰ ਵਿਚ ਇਨ੍ਹਾਂ ਦੋ ਗੁਰੂ ਸਾਹਿਬਾਨ ਨੂੰ ਗੁਰ-ਗੱਦੀ ਵੀ ਸੌਂਪੀ ਗਈ ਸੀ। ਕੀਰਤਪੁਰ ਸਾਹਿਬ ਦੀ ਮਿੱਟੀ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੇ ਕਦਮਾਂ ਨਾਲ ਪਵਿੱਤਰ ਹੋਈ ਜਗ੍ਹਾ ਹੈ।

ਕੀਰਤਪੁਰ ਸਾਹਿਬ ਦੀ ਧਰਤੀ 'ਤੇ ਪੈਰ ਰੱਖਦਿਆਂ ਗੁਰੂ ਸਾਹਿਬਾਨ ਦੇ ਵੇਲਿਆਂ ਦੀ ਤਵਾਰੀਖ਼ ਅੱਖਾਂ ਸਾਹਵੇਂ ਘੁੰਮ ਜਾਂਦੀ ਹੈ। ਦਿਲ ਵਿਚ ਵਲਵਲੇ ਉਠਣ ਲੱਗ ਪੈਂਦੇ ਹਨ। ਕਈ ਵਾਰੀ ਤਾਂ ਅਜਿਹਾ ਜਾਪਦਾ ਹੈ ਕਿ ਅਸੀਂ ਗੁਰੂ ਸਾਹਿਬਾਨ ਦੇ ਦਰਬਾਰ ਵਿਚ ਹੀ ਹਾਜ਼ਿਰ ਹੋਏ-ਹੋਏ ਹਾਂ।

ਹੱਥਲੀ ਕਿਤਾਬ ਵਿਚ ਇਸ ਗੁਰੂ ਦੀ ਨਗਰੀ ਦੀ ਮੁਖ਼ਤਸਰ ਤਵਾਰੀਖ਼ ਪੇਸ਼ ਹੈ। ਭਾਵੇਂ ਇਸ ਨਗਰ ਬਾਰੇ ਕਾਫ਼ੀ ਸਮੱਗਰੀ ਨਹੀਂ ਮਿਲਦੀ, ਪਰ ਫਿਰ ਵੀ ਜੋ ਕੁਝ ਲੱਭ ਸਕਿਆ ਹਾਂ, ਹਾਜ਼ਿਰ ਕੀਤਾ ਹੈ। ਆਸ ਹੈ ਅਗਲੀ ਐਡੀਸ਼ਨ ਵਿਚ ਹੋਰ ਵੀ ਵਾਧਾ ਕਰ ਸਕਾਂਗਾ। ਪਾਠਕਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਦੀ ਕੋਸ਼ਿਸ਼ ਕਰਾਂਗਾ ਅਤੇ ਸੁਚੱਜੇ ਸੁਝਾਵਾਂ ਨਾਲ ਕਿਤਾਬ ਨੂੰ ਸੰਵਾਰਨ ਦੀ ਕੋਸ਼ਿਸ਼ ਵੀ ਕਰਾਂਗਾ। ਆਸ ਹੈ ਕਿ ਪਾਠਕ ਇਸ ਤਿਲ-ਫੁਲ ਨੂੰ ਜੀ ਆਇਆਂ ਆਖਣਗੇ।

ਮੇਰਾ ਫ਼ਰਜ਼ ਹੈ ਕਿ ਇਸ ਪੇਸ਼ਕਾਰੀ ਨੂੰ 'ਬਕੱਲਮ-ਖ਼ੁਦ' ਕਰਨ ਤੋਂ ਪਹਿਲਾਂ ਆਪਣੇ ਸੱਜਣਾਂ ਦਾ ਸ਼ੁਕਰੀਆ ਅਦਾ ਕਰਾਂ। ਇਹ ਉਹ ਸੱਜਣ ਹਨ, ਜਿਹੜੇ ਵੱਖ ਵੱਖ ਪੜਾਆਂ 'ਤੇ ਮੇਰੇ ਨਾਲ ਖੜ੍ਹੇ ਸਨ ਜਾਂ ਜਿਨ੍ਹਾਂ ਦਾ ਸਾਥ ਮੇਰੀ ਜਜ਼ਬਾਤੀ ਜ਼ਿੰਦਗੀ ਵਾਸਤੇ ਗ਼ਜ਼ਾ ਸੀ : ਸਿਰਦਾਰ ਕਪੂਰ ਸਿੰਘ, ਡਾ. ਗੰਡਾ ਸਿੰਘ, ਪ੍ਰੋ. ਹਰਬੰਸ ਸਿੰਘ (ਪਟਿਆਲਾ), ਸ: ਭਾਨ ਸਿੰਘ, ਡਾ. ਰਾਜਿੰਦਰ ਕੌਰ, ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਸ: ਜਸਦੇਵ ਸਿੰਘ ਸੰਧੂ, ਸ: ਹਰਦੇਵ ਸਿੰਘ ਰਾਜਪੁਰਾ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ: ਮਨਜੀਤ ਸਿੰਘ ਕਲਕੱਤਾ, ਸ: ਜਗਤਾਰ ਸਿੰਘ ਸੰਧੂ, ਸ: ਸੁਖਮਿੰਦਰ ਸਿੰਘ ਚੀਮਾ, ਸ: ਸਰਬਜੀਤ ਸਿੰਘ ਬੈਂਸ (ਤਿੰਨੇ ਸਰੀ, ਕੈਨੇਡਾ), ਡਾ. ਅਵਤਾਰ ਸਿੰਘ ਸੇਖੋਂ, ਸ: ਰਘਬੀਰ ਸਿੰਘ ਰਾਮਾ, ਗਿਆਨੀ ਕੇਸਰ ਸਿੰਘ ਨਾਵਲਿਸਟ, ਮਿਸ ਏ.ਟੀ. ਕੌਰ ਐਡਮੰਟਨ, ਕੈਨੇਡਾ), ਸ: ਜੋਗਿੰਦਰ ਸਿੰਘ (ਵਿਨੀਪੈੱਗ, ਕੈਨੇਡਾ), ਡਾ. ਦਰਸ਼ਨ ਸਿੰਘ ਚੰਡੀਗੜ੍ਹ), ਸ: ਕਮਲਜੀਤ ਸਿੰਘ (*ਸੰਤ ਸਿਪਾਹੀ*), ਸ: ਸੁਰਜੀਤ ਸਿੰਘ ਛਦੌੜੀ (ਬੈਲਜੀਅਮ), ਡਾਕਟਰ ਜਸਬੀਰ ਸਿੰਘ ਸਰਨਾ (ਕਸ਼ਮੀਰ), ਡਾਕਟਰ ਸੁਖਪ੍ਰੀਤ ਸਿੰਘ

(ਊਦੋਕੇ), ਸ: ਅਜੀਤ ਸਿੰਘ ਬੇਦੀ (ਸਾਊਥਾਲ, ਇੰਗਲੈਂਡ), ਸ: ਭੁਪਿੰਦਰ ਸਿੰਘ (ਖੋਜੀ ਕਾਫ਼ਿਰ), ਸ: ਮੱਖਣ ਸਿੰਘ (ਗਲਾਸਗੋ, ਇੰਗਲੈਂਡ), ਡਾ. ਸੇਵਾ ਸਿੰਘ (ਅੰਮ੍ਰਿਤਸਰ) ਤੇ ਹੋਰ ਬਹੁਤ ਸਾਰੇ। ਇਨ੍ਹਾਂ ਸਾਰਿਆਂ ਦੇ ਪਿਆਰ, ਮਿਲਵਰਤਣ, ਜਜ਼ਬਾਤ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ।

ਬ੍ਰਿਮਿੰਘਮ, ਇੰਗਲੈਂਡ **ਹਰਜਿੰਦਰ ਸਿੰਘ ਦਿਲਗੀਰ (ਡਾ.)**
06.05.2002

ਕੀਰਤਪੁਰ ਸਾਹਿਬ

ਡਾ. ਹਰਜਿੰਦਰ ਸਿੰਘ ਦਿਲਗੀਰ



ਕੀਰਤਪੁਰ ਸਾਹਿਬ ਦਾ ਨਕਸ਼ਾ

ਕੀਰਤਪੁਰ ਸਾਹਿਬ 5500 ਦੇ ਕਰੀਬ ਆਬਾਦੀ ਵਾਲਾ ਇਕ ਵੱਡਾ 'ਪਿੰਡ' ਹੈ। ਦਰਅਸਲ ਅਜੋਕਾ ਕੀਰਤਪੁਰ ਚਾਰ ਪਿੰਡਾਂ ਦਾ ਇਕੱਠ ਹੈ। ਇਸ ਵਿਚ ਕੀਰਤਪੁਰ, ਕਲਿਆਣਪੁਰ, ਜੀਊਵਾਲ ਤੇ ਭਟੋਲੀ ਪਿੰਡ ਸ਼ਾਮਿਲ ਹਨ। 1980 ਤੋਂ ਪਹਿਲਾਂ ਇਨ੍ਹਾਂ ਚੌਹਾਂ ਪਿੰਡਾਂ ਦੀ ਇੱਕੋ-ਇਕ ਪੰਚਾਇਤ ਸੀ, ਪਰ ਮਗਰੋਂ ਸਿਆਸੀ ਕਾਰਨਾਂ ਕਰ ਕੇ ਇਕ ਦੀ ਥਾਂ ਚਾਰ ਪੰਚਾਇਤਾਂ ਬਣ ਗਈਆਂ। ਇਨ੍ਹਾਂ ਚੌਹਾਂ ਪਿੰਡਾਂ ਵਿਚੋਂ ਸਭ ਤੋਂ ਵੱਧ ਆਬਾਦੀ ਜੀਊਵਾਲ ਪੰਚਾਇਤ ਦੇ ਇਲਾਕੇ ਦੀ ਹੈ। ਇਥੇ ਤਿੰਨ ਹਜ਼ਾਰ ਤੋਂ ਵੱਧ ਲੋਕ ਰਹਿੰਦੇ ਹਨ। ਕੀਰਤਪੁਰ ਪੰਚਾਇਤ ਵਾਲੇ ਇਲਾਕੇ ਦੀ ਆਬਾਦੀ ਕਰੀਬ 1100, ਕਲਿਆਣਪੁਰ ਦੀ 700 ਅਤੇ ਭਟੋਲੀ ਦੀ 400 ਦੇ ਕਰੀਬ ਹੈ। ਮਾਲ ਮਹਿਕਮੇ ਦੇ ਕਾਗਜ਼ਾਂ ਵਿਚ ਕੀਰਤਪੁਰ ਪਿੰਡ ਦਾ ਨੰਬਰ 373, ਕਲਿਆਣਪੁਰ ਦਾ 346, ਜੀਊਵਾਲ ਦਾ 345 ਅਤੇ ਭਟੋਲੀ ਦਾ 342 ਹੈ। ਇਕ ਸੋਮੇ ਮੁਤਾਬਿਕ ਕਿਸੇ ਵੇਲੇ ਨੇੜੇ ਦੇ ਚਰਨੌਲੀ ਪਿੰਡ (ਨੰਬਰ 408) ਦਾ ਰਕਬਾ ਵੀ ਗੁਰੂ ਸਾਹਿਬ ਦੀ ਜਾਇਦਾਦ ਸੀ। ਗੁਰੂ ਸਾਹਿਬ ਦੇ 2200 ਘੋੜੇ ਇਥੇ ਘਾਹ ਚਰਿਆ ਕਰਦੇ ਸਨ। ਕੀਰਤਪੁਰ ਦਾ ਕੁਲ ਰਕਬਾ ਅੱਜ-ਕਲ੍ਹ ਤਕਰੀਬਨ 3075 ਏਕੜ ਹੈ। ਇਸ ਵਿੱਚੋਂ ਕੀਰਤਪੁਰ ਦਾ ਰਕਬਾ 1260 ਏਕੜ ਹੈ (ਇਸ ਵਿੱਚੋਂ 641 ਏਕੜ ਵਾਹੀ ਕਰਨ ਦੇ ਕਾਬਿਲ ਹੈ)। ਕੀਰਤਪੁਰ ਵਿਚ ਕੋਈ ਪਹਾੜ ਨਹੀਂ। ਕਲਿਆਣਪੁਰ ਦਾ ਇਲਾਕਾ 986 ਏਕੜ, ਇਸ ਵਿੱਚੋਂ ਸਿਰਫ਼ 160 ਏਕੜ ਵਾਹੀ ਕਰਨ ਦੇ ਕਾਬਿਲ ਹੈ। ਇਸੇ ਇਲਾਕੇ ਵਿਚ ਲਹੌਡ ਦੀ ਖੱਡ ਵੀ ਆਉਂਦੀ ਹੈ, ਜੋ ਕੰਕਰੀਟ ਪੱਥਰ ਕਰ ਕੇ ਮਸ਼ਹੂਰ ਹੈ। ਭਟੋਲੀ ਪਿੰਡ ਦਾ ਕੁਲ ਰਕਬਾ 439 ਏਕੜ ਹੈ। ਇਸ ਵਿੱਚੋਂ ਸਿਰਫ਼ 44 ਏਕੜ ਹੀ ਵਾਹੀ ਦੇ ਕਾਬਿਲ ਹੈ। ਬਾਕੀ ਜ਼ਮੀਨ ਵਿਚ ਪਹਾੜ, ਨਹਿਰ ਤੇ ਸੜਕਾਂ ਹਨ। ਇੰਝ ਹੀ ਜੀਊਵਾਲ ਦੇ 390 ਏਕੜ ਇਲਾਕੇ ਵਿਚ ਸਿਰਫ਼ 70 ਏਕੜ ਹੀ ਵਾਹੀ ਦੇ ਕਾਬਿਲ ਹੈ। ਬਾਕੀ ਇਲਾਕਾ ਪਹਾੜ ਤੇ ਸੜਕਾਂ ਹਨ।

ਅਜੋਕੇ ਕੀਰਤਪੁਰ ਵਿਚ, ਵਧੇਰੇ ਕਰ ਕੇ, ਪਿੰਡ ਜੀਊਵਾਲ ਸਭ ਤੋਂ ਵੱਧ ਵਪਾਰਕ ਜਗ੍ਹਾ ਹੈ ਅਤੇ ਇਥੇ ਹੀ ਵਧੇਰੇ ਦੁਕਾਨਾਂ ਹਨ। ਇਥੇ ਨਿੱਕੀਆਂ-ਵੱਡੀਆਂ ਤਕਰੀਬਨ 150-200 ਦੁਕਾਨਾਂ ਹਨ। ਦੂਜੇ ਪਾਸੇ ਕੀਰਤਪੁਰ ਵਿਚ ਬਹੁਤ ਘੱਟ ਦੁਕਾਨਾਂ ਹਨ। ਉਥੇ ਬਹੁਤੇ ਰਿਹਾਇਸ਼ੀ ਮਕਾਨ ਅਤੇ ਗੁਰਦੁਆਰੇ ਹੀ ਹਨ। ਇੰਝ ਹੀ ਸਭ ਤੋਂ ਘੱਟ ਵਸਿਆ ਇਲਾਕਾ ਪਿੰਡ ਭਟੋਲੀ ਦਾ ਹੈ। ਉਸ ਵਿਚ ਬਹੁਤ ਘੱਟ ਮਕਾਨ ਜਾਂ ਦੁਕਾਨਾਂ ਹਨ। ਇਸ ਪਿੰਡ ਵਿਚ ਇਕ ਪਟਰੋਲ ਪੰਪ ਜ਼ਰੂਰ ਹੈ।

ਇਨ੍ਹਾਂ ਚੌਹਾਂ ਪਿੰਡਾਂ ਵਿਚਲੀਆਂ ਹੱਦਾਂ ਦੀ ਪਛਾਣ ਆਮ ਲੋਕਾਂ ਨੂੰ ਵੀ ਨਹੀਂ। ਗੁਰਦੁਆਰਾ ਚਰਨ ਕਮਲ (ਚਰਨ ਕੰਵਲ) ਦੇ ਨੇੜੇ ਵਗਦਾ ਨਾਲਾ ਪਿੰਡ ਭਟੋਲੀ ਅਤੇ ਜੀਊਵਾਲ ਦੀ ਹੱਦ ਹੈ। ਜੀਊਵਾਲ ਤੇ ਕੀਰਤਪੁਰ ਸਾਹਿਬ ਨੂੰ ਵੀ ਇਕ ਨਾਲਾ ਵਖਰਾ ਕਰਦਾ ਹੈ। ਇੰਵ ਹੀ ਬਾਉਲੀ ਸਾਹਿਬ ਦੇ ਨੇੜੇ ਬਿਲਾਸਪੁਰ ਨੂੰ ਜਾਣ ਵਾਲੀ ਸੜਕ ਦੇ ਨੇੜੇ ਦਾ ਨਾਲਾ ਅੱਜ-ਕਲ੍ਹ ਕੀਰਤਪੁਰ ਸਾਹਿਬ ਅਤੇ ਕਲਿਆਣਪੁਰ ਵਿਚਲੀ ਹੱਦ ਹੈ। ਇਨ੍ਹਾਂ ਚੌਹਾਂ ਪਿੰਡਾਂ ਵਿੱਚੋਂ ਦੋ ਨਹਿਰਾਂ ਵੀ ਲੰਘਦੀਆਂ ਹਨ। ਇਨ੍ਹਾਂ ਵਿੱਚੋਂ 'ਭਾਖੜਾ ਨਹਿਰ' 1950-54 ਵਿਚ ਬਣੀ ਸੀ ਅਤੇ ਦੂਜੀ ਕਾਫ਼ੀ ਮਗਰੋਂ ਬਣੀ ਸੀ। ਭਾਖੜਾ ਨਹਿਰ ਕੀਰਤਪੁਰ ਤੇ ਬਾਕੀ ਤਿੰਨਾਂ ਪਿੰਡਾਂ ਨੂੰ ਦੋ ਹਿੱਸਿਆਂ ਵਿਚ ਵੰਡ ਜਾਂਦੀ ਹੈ।

ਦਰਿਆ ਸਤਲੁਜ (ਅਤੇ ਗੁਰਦੁਆਰਾ ਪਤਾਲਪੁਰੀ) ਕੀਰਤਪੁਰ ਵਿਚ ਸ਼ਾਮਿਲ ਹਨ। ਦੂਜੇ ਪਾਸੇ ਭਾਖੜਾ ਨਹਿਰ ਲੰਘ ਕੇ, ਕੀਰਤਪੁਰ ਦੀ ਹੱਦ, ਉਪਰ ਪਹਾੜ ਨਾਲ ਜਾ ਲਗਦੀ ਹੈ। ਗੁਰਦੁਆਰਾ ਮੰਜੀ ਸਾਹਿਬ (ਬੀਬੀ ਰੂਪ ਕੌਰ) ਵੀ ਕੀਰਤਪੁਰ ਦੀ ਹੱਦ ਵਿਚ ਹੈ।

ਬਿਲਾਸਪੁਰ ਵਲ ਜਾਂਦੀ ਸੜਕ ਦੇ ਸੱਜੇ ਪਾਸੇ ਦਾ ਇਲਾਕਾ ਕਲਿਆਣਪੁਰ ਪਿੰਡ ਹੈ। ਇਸ ਵਿਚ ਗੁਰਦੁਆਰਾ ਤੀਰ ਗੜ੍ਹ, ਇਸ ਦੇ ਪਹਾੜ ਦੇ ਹੇਠਾਂ ਵਾਲੀ ਬਾਉਲੀ, ਇਸ ਦੇ ਉਪਰ ਦੀ ਪਹਾੜੀ ਜਿਸ ਉੱਤੇ ਬਾਬਾ ਗੁਰਦਿੱਤਾ ਦਾ ਪੁਰਾਣੀਆਂ ਇੱਟਾਂ ਦਾ ਬਣਿਆ ਹੋਇਆ ਗੁਰਦੁਆਰਾ ਹੈ, ਵੀ ਸ਼ਾਮਿਲ ਹੈ। ਮੁਸਲਮਾਨ ਫ਼ਕੀਰ ਸਾਈਂ ਬੁੱਢਣ ਸ਼ਾਹ ਦੀ ਕਬਰ ਵੀ ਏਥੇ ਹੈ। ਹੁਣ ਕੁਝ ਮੁਸਲਮਾਨਾਂ ਨੇ ਇਥੇ ਵੱਡੀ ਇਮਾਰਤ ਬਣਾ ਲਈ ਹੋਈ ਹੈ। ਕੁਝ ਬੇਸਮਝ ਲੋਕ (ਜੋ ਸਿੱਖੀ ਅਸੂਲਾਂ ਦੀ ਸਮਝ ਨਹੀਂ ਰੱਖਦੇ) ਇਸ ਥਾਂ 'ਤੇ ਵੀ ਜ਼ਿਆਰਤ ਕਰਨ ਵਾਸਤੇ ਚਲੇ ਜਾਂਦੇ ਹਨ।

ਗੁਰਦੁਆਰਾ ਚਰਨ ਕੰਵਲ (ਗੁਰੂ ਨਾਨਕ ਸਾਹਿਬ) ਪਿੰਡ ਭਟੋਲੀ ਦੀ ਹੱਦ ਵਿਚ ਹੈ। ਇੰਝ ਹੀ ਗੁਰਦੁਆਰਾ ਸ਼ੀਸ਼ ਮਹੱਲ, ਕੋਟ ਤਖ਼ਤ ਸਾਹਿਬ, ਹਰਿਮੰਦਰ ਸਾਹਿਬ, ਦਮਦਮਾ ਸਾਹਿਬ ਤੇ ਚੁਬੱਚਾ ਸਾਹਿਬ ਪਿੰਡ ਜੀਊਵਾਲ ਦੀ ਹੱਦ ਵਿਚ ਹਨ।

.ਸਮੁੱਚੇ ਕੀਰਤਪੁਰ ਸਾਹਿਬ ਦੀਆਂ ਬਾਕੀ ਇਮਾਰਤਾਂ ਵਿੱਚੋਂ ਰੇਲਵੇ ਸਟੇਸ਼ਨ, ਪੁਲੀਸ ਚੌਂਕੀ, ਹਾਈ ਸਕੂਲ, ਨਵਾਂ ਬਸ ਸਟੈਂਡ ਤੇ ਹਸਪਤਾਲ ਕੀਰਤਪੁਰ ਵਿਚ ਹਨ। ਕੀਰਤਪੁਰ ਸਾਹਿਬ ਦਾ ਦਰਜਾ ਅਜੇ ਸਿਰਫ਼ ਇਕ ਪਿੰਡ ਦਾ ਹੀ ਹੈ। ਇਸ ਵਿਚ ਇਕ ਸੀਨੀਅਰ ਸੈਕੰਡਰੀ ਸਕੂਲ, ਤਿੰਨ ਪ੍ਰਾਇਮਰੀ ਸਕੂਲ, ਚਾਰ-ਪੰਜ ਬਿਸਤਰਿਆਂ ਦਾ ਇਕ ਹਸਪਤਾਲ, ਡੰਗਰਾਂ ਦੀ ਇਕ ਡਿਸਪੈਂਸਰੀ ਤੋਂ ਸਿਵਾ ਕੁਝ ਵੀ ਨਹੀਂ।

ਕੀਰਤਪੁਰ ਸਾਹਿਬ ਸਮੁੱਚੇ ਤੌਰ 'ਤੇ ਸਿੱਖ ਇਲਾਕਾ ਹੈ ਅਤੇ ਇਹ ਸਾਰੀ ਜ਼ਮੀਨ ਗੁਰੂ ਸਾਹਿਬ ਦੇ ਵੇਲੇ ਉਨ੍ਹਾਂ ਦੀ ਹੀ ਸੀ, ਪਰ ਹੁਣ ਇਥੇ ਕੁਝ ਘਰ ਹਿੰਦੂਆਂ ਦੇ ਵੀ ਹਨ। ਦੁਕਾਨਦਾਰ ਵਧੇਰੇ ਕਰ ਕੇ ਹਿੰਦੂ ਹੀ ਹਨ। ਕੁਝ ਫ਼ਿਰਕੂ ਹਿੰਦੂ ਸਿੱਖਾਂ ਨਾਲ ਬੜੀ ਈਰਖਾ ਕਰਦੇ ਹਨ। ਇਸੇ ਈਰਖਾ ਕਰ ਕੇ ਉਨ੍ਹਾਂ ਨੇ ਗੁਰਦੁਆਰਾ ਚਰਨ ਕੰਵਲ ਅਤੇ ਸ਼ੀਸ਼ ਮਹੱਲ ਦੇ ਐਨ ਵਿਚਕਾਰ ਇਕ ਦੁਕਾਨ ਤੇ ਉਸਦੇ ਪਿੱਛੇ ਵਾਲੇ ਮਕਾਨ

ਵਿਚ ਇਕ ਸ਼ਿਵ ਮੰਦਰ ਵੀ ਬਣਾ ਲਿਆ ਹੈ। ਇਹ ਮੰਦਰ ਖ਼ਾਲਸਾ ਪਰਗਟ ਕਰਨ ਦੀ ਤੀਜੀ ਸ਼ਤਾਬਦੀ ਦੌਰਾਨ ਬਣਨਾ ਸ਼ੁਰੂ ਹੋਇਆ ਸੀ ਅਤੇ ਇਸ ਦੀ ਇਮਾਰਤ ਨੂੰ ਸਾਰੇ ਗੁਰਦੁਆਰਿਆਂ ਤੋਂ ਉੱਚਾ ਬਣਾ ਕੇ ਸਿੱਖਾਂ ਨਾਲ ਈਰਖਾ ਦਾ ਇਜ਼ਹਾਰ ਕੀਤਾ ਜਾ ਰਿਹਾ ਹੈ। ਇਹ ਉਵੇਂ ਹੀ ਹੈ, ਜਿਵੇਂ ਕਰਨਾਲ ਵਿਚ, 1970 ਵਿਚ, ਕੁਝ ਹਿੰਦੂਆਂ ਨੇ ਮੰਦਰ ਬਣਾ ਕੇ ਤਾਰੀਖ਼ੀ ਗੁਰਦੁਆਰੇ ਵਾਸਤੇ ਈਰਖਾ ਦਾ ਇਜ਼ਹਾਰ ਕੀਤਾ ਸੀ। ਕੀਰਤਪੁਰ ਸਾਹਿਬ ਵਿਚਲਾ ਇਹ ਹਿੰਦੂ ਮੰਦਰ ਨਾ ਤਾਂ ਤਾਰੀਖ਼ੀ ਹੈ ਨਾ ਹੀ ਇਸੇ ਖ਼ਾਸ ਥਾਂ 'ਤੇ ਜ਼ਰੂਰੀ ਸੀ। ਹਿੰਦੂ ਕਿਸੇ ਹੋਰ ਥਾਂ ਵੀ ਮੰਦਰ ਬਣਾ ਸਕਦੇ ਸਨ।

ਕੀਰਤਪੁਰ ਅਨੰਦਪੁਰ ਤੋਂ 9 ਕਿਲੋਮੀਟਰ (ਰੋਪੜ ਵੱਲ) ਹੈ। ਇਥੋਂ ਪਰਿਵਾਰ ਵਿਛੋੜਾ (ਨੰਗਲ ਸਰਸਾ) ਪਿੰਡ ਤੇ ਸਰਸਾ ਨਦੀ ਕਰੀਬ 15 ਕਿਲੋਮੀਟਰ, ਸ਼ਾਹੀ ਟਿੱਬੀ ਤੇ ਨਿਰਮੋਹਗੜ੍ਹ ਤਕਰੀਬਨ 6-6 ਕਿਲੋਮੀਟਰ, ਰੋਪੜ 30 ਕਿਲੋਮੀਟਰ, ਚੰਡੀਗੜ੍ਹ 72 ਕਿਲੋਮੀਟਰ ਦੀ ਦੂਰੀ 'ਤੇ ਹਨ। ਚੰਡੀਗੜ੍ਹ, ਰੋਪੜ ਤੋਂ ਬਿਲਾਸਪੁਰ ਨੂੰ ਜਾਣ ਵਾਲੀ ਸੜਕ ਕੀਰਤਪੁਰ ਅਤੇ ਕਲਿਆਣਪੁਰ ਦੇ ਐਨ ਵਿਚਕਾਰੋਂ ਲੰਘਦੀ ਹੈ। ਕੀਰਤਪੁਰ ਤੋਂ ਬਿਲਾਸਪੁਰ 65 ਕਿਲੋਮੀਟਰ ਦੂਰ ਹੈ। ਕੀਰਤਪੁਰ ਤੋਂ ਨਾਲਾਗੜ੍ਹ ਸਿੱਧੀ ਸੜਕ ਰਾਹੀਂ, ਬਰਾਸਤਾ ਭਰਤਗੜ੍ਹ, 27 ਕਿਲੋਮੀਟਰ ਹੈ।

ਕੀਰਤਪੁਰ ਸਾਹਿਬ ਦੀ ਸਭ ਤੋਂ ਪਹਿਲੀ ਇਮਾਰਤ, ਅਜੋਕੇ ਗੁਰਦੁਆਰਾ ਹਰਿਮੰਦਰ ਸਾਹਿਬ ਅਤੇ ਸ਼ੀਸ਼ ਮਹੱਲ ਵਾਲੀ ਜਗ੍ਹਾ ਬਣੀ ਸੀ। ਇਸੇ ਥਾਂ ਬਾਬਾ ਸ੍ਰੀਚੰਦ ਨੇ 23 ਅਪਰੈਲ 1624 ਦੇ ਦਿਨ ਕੀਰਤਪੁਰ ਦਾ ਮੁੱਢ ਬੰਨ੍ਹਿਆ ਸੀ। ਉਸ ਨੇ ਨਵੇਂ ਨਗਰ ਦੀ ਮੋੜ੍ਹੀ ਗੱਡਣ ਤੋਂ ਮਗਰੋਂ ਇਕ ਬਾਉਲੀ ਦਾ ਟੱਕ ਵੀ ਲਾਇਆ ਸੀ। ਉਹ ਬਾਉਲੀ ਗੁਰਦੁਆਰਾ ਹਰਿਮੰਦਰ ਸਾਹਿਬ ਦੇ ਪਿਛਵਾੜੇ ਵਿਚ ਅੱਜ ਵੀ ਕਾਇਮ ਹੈ। ਸਾਂਝੇ ਕੀਰਤਪੁਰ ਦੀ, ਇਸ ਵਕਤ ਦੀ, ਸਭ ਤੋਂ ਪੁਰਾਣੀ ਬਚੀ ਹੋਈ ਇਮਾਰਤ ਬਾਬਾ ਗੁਰਦਿੱਤਾ ਦਾ ਗੁਰਦੁਆਰਾ ਹੈ, ਜੋ ਇਕ ਹੋਰ ਬਾਉਲੀ ਦੇ ਨਾਲ ਲਗਵੀਂ ਪਹਾੜੀ 'ਤੇ ਬਣਿਆ ਹੋਇਆ ਹੈ। ਇਸ ਗੁਰਦੁਆਰੇ ਵਿਚ ਪਹੁੰਚਣ ਵਾਸਤੇ 138 ਪੌੜੀਆਂ ਰਾਹੀਂ ਵੀ ਜਾਇਆ ਜਾ ਸਕਦਾ ਹੈ। ਇਕ ਪੱਕੀ ਸੜਕ ਵੀ ਇਸ ਥਾਂ ਤਕ ਬਣੀ ਹੋਈ ਹੈ। ਇਸ ਗੁਰਦੁਆਰੇ ਦੀ ਮੌਜੂਦਾ ਇਮਾਰਤ ਤਕਰੀਬਨ ਡੇਢ ਸੌ ਸਾਲ ਪੁਰਾਣੀ ਹੈ ਅਤੇ ਅਜੇ ਇਹ ਕਿਸੇ ਕਾਰ-ਸੇਵਾ ਵਾਲੇ ਬਾਬਿਆਂ ਦੇ ਹੱਥ ਨਹੀਂ ਚੜ੍ਹੀ, ਨਹੀਂ ਤਾਂ ਉਨ੍ਹਾਂ ਨੇ ਏਥੇ ਵੀ ਸਭ ਕੁਝ ਮਲੀਆਮੇਟ ਕਰ ਕੇ ਸੰਗਮਰਮਰ ਲਾ ਕੇ ਇਸ ਦੀਆਂ ਪੁਰਾਣੀਆਂ ਨਿਸ਼ਾਨੀਆਂ ਖ਼ਤਮ ਕਰ ਦੇਣੀਆਂ ਸਨ।

1999 ਵਿਚ ਪੰਜਾਬ ਸਰਕਾਰ ਨੇ ਕੀਰਤਪੁਰ ਦਾ ਮੂੰਹ ਮੁਹਾਂਦਰਾ ਸੰਵਾਰਨ ਦਾ ਐਲਾਨ ਕੀਤਾ ਸੀ, ਪਰ ਅਜੇ ਤਕ ਤਾਂ ਇਸ ਪਾਸੇ ਵੱਲ ਕੋਸ਼ਿਸ਼ ਕੀਤੇ ਜਾਣ ਦਾ ਧੂੰ ਤਕ ਨਹੀਂ ਨਿਕਲਿਆ। ਸ਼ਾਇਦ ਇਹ ਵੀ ਨਗਰ ਦੇ ਭਲੇ ਵਾਸਤੇ ਹੀ ਹੋਵੇ, ਵਰਨਾ ਜਿਵੇਂ ਅਨੰਦਪੁਰ ਸਾਹਿਬ ਦਾ ਨਕਸ਼ਾ ਵਿਗੜਿਆ ਹੈ, ਉਹੀ ਕੀਰਤਪੁਰ ਸਾਹਿਬ ਦਾ ਹੋ ਜਾਣਾ ਸੀ। ਇਹ ਚਾਰ ਸੌ ਸਾਲ ਪੁਰਾਣਾ ਕੀਰਤਪੁਰ ਨਹੀਂ ਸੀ ਰਹਿਣਾ ਅਤੇ ਇਕ ਮਾਡਰਨ ਪਿੰਡ ਬਣ ਜਾਣਾ ਸੀ।

ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਨਗਰ ਵਾਸਤੇ ਜਗ੍ਹਾ ਦੀ ਚੋਣ ਬੜੀ ਡੂੰਘੀ

ਸੋਚ ਵਿਚਾਰ ਮਗਰੋਂ ਕੀਤੀ ਸੀ। ਇਸ ਦੇ ਦੋ ਪਾਸੇ ਪਹਾੜ ਹਨ ਤੇ ਦੋ ਪਾਸੇ ਸਤਲੁਜ ਦਰਿਆ ਹੈ (ਵੇਖੋ ਨਕਸ਼ਾ)। ਨਗਰ ਤੋਂ 15 ਕਿਲੋਮੀਟਰ ਦੂਰ ਸਰਸਾ ਨਦੀ ਵਗਦੀ ਹੈ, ਜੋ ਆਪਣੇ ਆਪ ਵੀ ਹਿਫ਼ਾਜ਼ਤ ਦਾ ਇਕ ਸੋਮਾ ਸੀ। ਸਿਰਫ਼ ਏਨਾ ਹੀ ਨਹੀਂ, ਬਲਕਿ ਸਾਰਾ ਨਗਰ ਹੀ ਨਿੱਕੀਆਂ-ਨਿੱਕੀਆਂ ਪਹਾੜੀਆਂ, ਝੀਲਾਂ, ਚੋਆਂ ਤੇ ਬਰਸਾਤੀ ਨਾਲਿਆਂ ਨਾਲ ਘਿਰਿਆ ਹੋਇਆ ਸੀ। ਕਿਸੇ ਦੁਸ਼ਮਣ ਵਾਸਤੇ ਇਸ ਨਗਰ 'ਤੇ ਹਮਲਾ ਕਰਨਾ ਆਸਾਨ ਨਹੀਂ ਸੀ। ਉਦੋਂ ਇਹ ਜਗ੍ਹਾ ਅਨੰਦਪੁਰ ਸਾਹਿਬ ਤੋਂ ਵੀ ਵਧੇਰੇ ਮਹਿਫ਼ੂਜ਼ ਸੀ। ਜਿਥੇ ਫ਼ੌਜੀ ਪੱਖ ਤੋਂ ਇਹ ਨਗਰ ਬੜਾ ਮਹਿਫ਼ੂਜ਼ ਸੀ, ਉਥੇ ਰੂਹਾਨੀ ਪੱਖੋਂ ਵੀ ਇਸ ਦੀ ਅਹਿਮੀਅਤ ਕੋਈ ਘੱਟ ਨਹੀਂ ਸੀ। ਵਗਦੇ ਹੋਏ ਦਰਿਆ, ਪਹਾੜ, ਝਰਨੇ ਤੇ ਪਹਾੜੀ ਜੰਗਲ ਰੱਬ ਦਾ ਨਾਂ ਜਪਣ ਵਾਸਤੇ ਲਾਸਾਨੀ ਮਾਹੌਲ ਸਨ। ਉਸ ਵੇਲੇ ਨਗਰ ਦੀ ਜਾਂ ਆਲੇ-ਦੁਆਲੇ ਦੇ ਪਿੰਡ ਦੀ ਆਬਾਦੀ ਵੀ ਬਹੁਤ ਹੀ ਥੋੜ੍ਹੀ ਸੀ। ਇਸ ਸਾਰੇ ਇਲਾਕੇ ਵਿਚ ਹੁਣ ਵੀ ਆਬਾਦੀ ਬੜੀ ਘੱਟ ਹੈ। ਜੇ ਕਿਤੇ ਬਿਲਾਸਪੁਰ ਜਾਣ ਦਾ ਰਸਤਾ ਪੰਜ ਸੱਤ ਕਿਲੋਮੀਟਰ ਪਿੱਛੇ ਹੁੰਦਾ ਤਾਂ ਸਾਰੇ ਕੀਰਤਪੁਰ ਦੀ ਆਬਾਦੀ ਅੱਜ ਵੀ ਦੋ-ਢਾਈ ਹਜ਼ਾਰ ਤੋਂ ਕਦਾਚਿਤ ਵੱਧ ਨਹੀਂ ਸੀ ਹੋ ਸਕਣੀ। ਭਾਵੇਂ ਅਨੰਦਪੁਰ ਸਾਹਿਬ ਦਾ ਨਕਸ਼ਾ ਅੱਜ ਬਹੁਤ ਹੱਦ ਤਕ ਬਦਲ ਚੁੱਕਾ ਹੈ (ਤੇ ਸ਼ਾਇਦ ਹੋਰ ਵੀ ਬਦਲ ਜਾਵੇ), ਪਰ ਕੀਰਤਪੁਰ ਸਾਹਿਬ ਦਾ ਅਜੇ ਵੀ ਬਚਾਅ ਹੋਇਆ ਹੋਇਆ ਹੈ। ਜੇ ਵਾਹਿਗੁਰੂ ਦੀ ਮਿਹਰ ਰਹੀ ਤਾਂ ਇਸ ਸਿੱਖ ਨਗਰ 'ਤੇ ਮਾਡਰਨ ਤਰੱਕੀ ਦੇ ਨਾਂ 'ਤੇ ਕੁਹਾੜਾ ਨਹੀਂ ਚੱਲੇਗਾ।

ਕੀਰਤਪੁਰ ਸਾਹਿਬ ਦਾ ਪਿਛੋਕੜ

ਕੀਰਤਪੁਰ ਸਾਹਿਬ ਸਿੱਖ ਤਵਾਰੀਖ਼ ਵਿਚ ਅਹਿਮ ਥਾਂ ਰੱਖਦਾ ਹੈ। ਇਸ ਨਗਰ ਦਾ ਮੁੱਢ ਭਾਵੇਂ ਅਪਰੈਲ 1624 ਵਿਚ ਬੱਝਾ ਸੀ, ਪਰ ਇਸ ਇਲਾਕੇ ਦੀ ਮਿੱਟੀ ਸਿੱਖ ਪੰਥ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਕਦਮਾਂ ਦੀ ਛੋਹ ਨਾਲ ਪਵਿੱਤਰ ਹੋ ਚੁੱਕੀ ਸੀ। ਗੁਰੂ ਨਾਨਕ ਸਾਹਿਬ ਆਪਣੀਆਂ ਉਦਾਸੀਆਂ ਦੌਰਾਨ ਇਸ ਇਲਾਕੇ ਵਿੱਚੋਂ ਵੀ ਲੰਘੇ ਸਨ। ਅਜਿਹਾ ਜਾਪਦਾ ਹੈ ਕਿ ਗੁਰੂ ਨਾਨਕ ਸਾਹਿਬ ਇਸ ਜਗ੍ਹਾ 'ਤੇ ਆਪਣੀ ਦੂਜੀ ਉਦਾਸੀ ਦੌਰਾਨ, ਜਿਹੜੀ ਸ਼ਾਇਦ 1520 ਵਿਚ ਸ਼ੁਰੂ ਹੋਈ ਸੀ, ਆਏ ਸਨ।

ਇਕ ਰਿਵਾਇਤ ਮੁਤਾਬਿਕ ਜਦੋਂ ਗੁਰੂ ਨਾਨਕ ਸਾਹਿਬ ਇਥੋਂ ਲੰਘੇ ਤਾਂ ਬੁੱਢਣ ਸ਼ਾਹ ਨਾਂ ਦਾ ਇਕ ਮੁਸਲਮਾਨ, ਜੋ ਫ਼ਕੀਰ ਤਬੀਅਤ ਦਾ ਸ਼ਖ਼ਸ ਸੀ, ਇਸ ਇਲਾਕੇ ਵਿਚ ਰਿਹਾ ਕਰਦਾ ਸੀ। ਜਦੋਂ ਇਸ ਫ਼ਕੀਰ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਸਾਹਿਬ ਵਰਗਾ ਮਹਾਨ ਸ਼ਖ਼ਸ ਉਹਨਾਂ ਦੇ ਇਲਾਕੇ ਵਿਚ ਆਇਆ ਹੈ ਤਾਂ ਉਹ ਆਪਣੀਆਂ ਬੱਕਰੀਆਂ ਦਾ ਦੁੱਧ ਲੈ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਹੋਇਆ। ਉਸ ਨੇ ਗੁਰੂ ਸਾਹਿਬ ਤੇ ਭਾਈ ਮਰਦਾਨਾ ਨੂੰ ਦੁੱਧ ਛਕਾਇਆ ਅਤੇ ਗੁਰੂ ਸਾਹਿਬ ਦੀ ਸੰਗਤ ਕਰ ਕੇ ਨਿਹਾਲ ਹੋ ਗਿਆ। ਇਕ ਹੋਰ ਰਿਵਾਇਤ ਮੁਤਾਬਿਕ ਗੁਰੂ ਸਾਹਿਬ ਨੇ ਭਾਈ ਬੁੱਢਣ ਸ਼ਾਹ ਵਲੋਂ ਪੇਸ਼ ਕੀਤਾ ਦੁੱਧ ਉਸ ਵੇਲੇ ਨਾ ਛਕਿਆ ਤੇ ਉਸ ਨੂੰ ਆਖਿਆ ਕਿ ਅਸੀਂ ਤੇਰਾ ਦੁੱਧ ਛੇਵੇਂ ਜਾਮੇ ਵਿਚ ਆ ਕੇ ਛਕਾਂਗੇ (ਯਾਨਿ ਗੁਰੂ ਹਰਿਗੋਬਿੰਦ ਸਾਹਿਬ ਬਣ ਕੇ ਆ ਕੇ ਛਕਾਂਗੇ)। ਇਹ ਕਹਾਣੀ ਬਾਅਦ ਵਿਚ ਚੱਲੀ ਜਾਪਦੀ ਹੈ, ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਇਸ ਇਲਾਕੇ ਵਿਚ ਗੁਰੂ ਨਾਨਕ ਸਾਹਿਬ ਦੇ ਇਥੇ ਆਉਣ ਤੋਂ 104 ਸਾਲ ਮਗਰੋਂ ਆਏ ਸਨ ਤੇ ਇਸ ਹਿਸਾਬ ਨਾਲ ਸਾਈਂ ਬੁੱਢਣ ਸ਼ਾਹ ਘੱਟੋ-ਘੱਟ ਸਵਾ ਜਾਂ ਡੇਢ ਸੌ ਸਾਲ ਦਾ ਹੋ ਚੁੱਕਾ ਹੋਵੇਗਾ। ਹਾਲਾਂਕਿ ਕਿਸੇ ਟਾਂਵੇਂ ਬੰਦੇ ਦੀ ਏਨੀ ਉਮਰ ਕੋਈ ਨਾਮੁਮਕਿਨ ਗੱਲ ਨਹੀਂ, ਪਰ ਅਜਿਹਾ ਜਾਪਦਾ ਹੈ ਕਿ ਇਹ ਰਵਾਇਤ ਸਿੱਖਾਂ, ਕੀਰਤਪੁਰ ਸਾਹਿਬ ਅਤੇ ਭਾਈ ਬੁੱਢਣ ਸ਼ਾਹ ਦਾ ਰਿਸ਼ਤਾ ਗੂੜ੍ਹਾ ਕਰਨ ਵਾਸਤੇ ਘੜੀ ਹੋਵੇਗੀ। ਕੁਝ ਵੀ ਹੈ ਇਹ ਗੱਲ ਸਹੀ ਹੈ ਕਿ ਗੁਰੂ ਨਾਨਕ ਸਾਹਿਬ ਇਥੇ ਆਏ ਹੋਣਗੇ। ਜਦੋਂ ਗੁਰੂ ਨਾਨਕ ਸਾਹਿਬ ਮੰਡੀ, ਰਿਵਾਲਸਰ ਜਾਂ ਉਪਰ ਤਿੱਬਤ ਦੇ ਪਹਾੜਾਂ ਵੱਲ ਗਏ ਸਨ ਤਾਂ ਉਦੋਂ ਵੀ ਪੰਜਾਬ ਤੋਂ ਪਹਾੜਾਂ ਵੱਲ ਜਾਣ ਵਾਸਤੇ ਇਹੀ ਰਸਤਾ ਸੀ, ਕਿਉਂਕਿ ਇਸ ਦੇ ਨੇੜੇ ਦਰਿਆ ਸਤਲੁਜ ਵਗਦਾ ਸੀ ਤੇ ਸਤਲੁਜ ਦੇ ਕੰਢੇ ਦਾ ਰਸਤਾ ਉਪਰ ਵੱਲ ਜਾਂਦਾ ਸੀ। ਗੁਰੂ ਨਾਨਕ ਸਾਹਿਬ ਦੇ ਇਥੇ ਆਉਣ ਦੀ ਯਾਦ ਵਿਚ ਗੁਰਦੁਆਰਾ ਚਰਨ ਕੰਵਲ ਬਣਿਆ ਹੋਇਆ ਹੈ।

ਸਾਈਂ ਬੁੱਢਣ ਸ਼ਾਹ ਉਸ ਵੇਲੇ ਕੀਰਤਪੁਰ ਤੋਂ ਬਿਲਾਸਪੁਰ ਵਾਲੀ ਮੌਜੂਦਾ ਸੜਕ 'ਤੇ ਕੀਰਤਪੁਰ ਸਾਹਿਬ ਤੋਂ ਜ਼ਰਾ ਕੁ ਬਾਹਰ ਇਕ ਪਹਾੜੀ 'ਤੇ ਰਹਿੰਦਾ ਸੀ (ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਪੁੱਤਰ ਤੇ ਗੁਰੂ ਹਰਿ ਰਾਇ ਸਾਹਿਬ ਦੇ ਪਿਤਾ ਬਾਬਾ ਗੁਰਦਿੱਤਾ ਵੀ ਇਸੇ ਪਹਾੜੀ ਦੇ ਨੇੜੇ ਰਹਿੰਦੇ ਸਨ। ਬਾਬਾ ਸ੍ਰੀਚੰਦ ਵੀ ਇਥੇ ਆਏ ਸਨ)। ਸਾਈਂ ਬੁੱਢਣ ਸ਼ਾਹ ਦੀ ਕਬਰ ਇਸ ਪਹਾੜੀ 'ਤੇ ਬਣੀ ਹੋਈ ਹੈ। ਅੱਜ-ਕਲ੍ਹ ਮੁਸਲਮਾਨਾਂ ਨੇ ਸਾਈਂ ਬੁੱਢਣ ਸ਼ਾਹ ਦੀ ਕਬਰ 'ਤੇ ਮਜ਼ਾਰ ਬਣਾ ਲਈ ਹੈ। ਕਈ ਸਿੱਖ ਸਾਈਂ ਬੁੱਢਣ ਸ਼ਾਹ ਦੀ ਥਾਂ ਨੂੰ ਵੇਖਣ ਜਾਂਦੇ ਹਨ। ਇਸ ਮਜ਼ਾਰ ਦੇ ਮਾਲਿਕਾਂ ਨੇ (ਜਾਂ ਕਿਸੇ ਹੋਰ ਨੇ) ਇਹ ਪ੍ਰਾਪੇਗੰਡਾ ਕੀਤਾ ਹੋਇਆ ਹੈ ਕਿ ਜੋ ਸਿੱਖ ਕੀਰਤਪੁਰ ਆਉਂਦਾ ਹੈ ਤੇ ਸਾਈਂ ਬੁੱਢਣ ਸ਼ਾਹ ਦੇ ਮਜ਼ਾਰ 'ਤੇ ਨਹੀਂ ਆਉਂਦਾ, ਉਸ ਦੀ ਯਾਤਰਾ ਅਧੂਰੀ ਰਹਿੰਦੀ ਹੈ। ਇਹ ਗ਼ਲਤ ਪ੍ਰਾਪੇਗੰਡਾ ਹੈ ਤੇ ਇਸ ਦਾ ਮਕਸਦ ਸਿੱਖਾਂ ਨੂੰ ਇਥੇ ਬੁਲਾ ਕੇ ਉਨ੍ਹਾਂ ਤੋਂ 'ਚੜ੍ਹਾਵਾ' ਹਾਸਿਲ ਕਰਨਾ ਜਾਪਦਾ ਹੈ। ਇਕ ਸਿੱਖ ਨੂੰ ਕਿਸੇ ਕਬਰ, ਮਜ਼ਾਰ ਜਾਂ ਮਸਜਿਦ ਵਿਚ ਜਾ ਕੇ ਮੱਥਾ ਟੇਕਣ ਜਾਂ ਚੜ੍ਹਾਵਾ ਚੜ੍ਹਾਉਣ ਦੀ ਮਨਾਹੀ ਹੈ। ਇਹ ਇਕ ਵੱਡੀ ਕੁਰਹਿਤ ਹੈ। ਜੇ ਕੋਈ ਸਿੱਖ ਸਾਈਂ ਬੁੱਢਣ ਸ਼ਾਹ ਦੀ ਮਜ਼ਾਰ ਨੂੰ ਵਾਕਫ਼ੀ ਵਾਸਤੇ ਵੇਖਣਾ ਚਾਹੇ ਤਾਂ ਗ਼ਲਤ ਨਹੀਂ, ਪਰ ਜੇ ਉਹ ਉਥੇ ਜਾ ਕੇ ਮੱਥਾ ਟੇਕਦਾ ਹੈ ਜਾਂ ਚੜ੍ਹਾਵਾ ਚੜ੍ਹਾਉਂਦਾ ਹੈ ਤਾਂ ਉਹ ਗੁਰੂ ਦਾ ਗੁਨਾਹਗਾਰ ਹੈ। ਇਹ ਸਹੀ ਹੈ ਕਿ ਸਿੱਖ ਹਰ ਧਰਮ ਤੇ ਉਸ ਦੀਆਂ ਥਾਵਾਂ ਦੀ ਇੱਜ਼ਤ ਕਰੇ, ਪਰ ਉਥੇ ਮੱਥਾ ਟੇਕਣਾ ਤੇ ਚੜ੍ਹਾਵਾ ਚੜ੍ਹਾਉਣਾ ਕੁਰਹਿਤ ਹੈ।

ਕੀਰਤਪੁਰ ਸਾਹਿਬ ਦਾ ਮੁੱਢ

ਸਿੱਖ ਤਵਾਰੀਖ਼ ਵਿਚ ਗੁਰੂ ਸਾਹਿਬ ਵਲੋਂ ਵਸਾਏ ਗਏ ਨਗਰਾਂ ਵਿਚ ਸਭ ਤੋਂ ਪਹਿਲਾਂ ਕਰਤਾਰਪੁਰ (ਪਾਕਿਸਤਾਨ) ਹੈ। ਇਸ ਮਗਰੋਂ ਗੋਇੰਦਵਾਲ, 'ਗੁਰੂ ਦਾ ਚੱਕ' (ਹੁਣ ਅੰਮ੍ਰਿਤਸਰ), ਤਰਨਤਾਰਨ, ਕਰਤਾਰਪੁਰ (ਜਲੰਧਰ) ਤੇ ਗੋਬਿੰਦਪੁਰ (ਹੁਣ ਹਰਿਗੋਬਿੰਦਪੁਰ) ਨਗਰ ਵਸਾਏ ਗਏ। ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤਕ ਕਰਤਾਰਪੁਰ (ਪਾਕਿਸਤਾਨ), ਗੁਰੂ ਦਾ ਚੱਕ, ਖਡੂਰ ਸਾਹਿਬ ਤੇ ਗੋਇੰਦਵਾਲ ਸਿੱਖੀ ਦੇ ਵੱਡੇ ਸੈਂਟਰ ਰਹੇ ਸਨ। ਗੁਰੂ ਹਰਿਗੋਬਿੰਦ ਸਾਹਿਬ ਆਪ ਵੀ ਵਧੇਰਾ ਸਮਾਂ ਗੋਇੰਦਵਾਲ ਅਤੇ ਗੁਰੂ ਦਾ ਚੱਕ ਵਿਚ ਹੀ ਰਹੇ। ਜੂਨ 1606 ਤੋਂ ਦਸੰਬਰ 1607 ਤਕ ਆਪ ਡਰੋਲੀ ਭਾਈ (ਨੇੜੇ ਮੋਗਾ) ਵਿਚ ਹੀ ਰਹਿੰਦੇ ਰਹੇ। ਇਸ ਮਗਰੋਂ ਵੀ ਗੁਰੂ ਹਰਿਗੋਬਿੰਦ ਸਾਹਿਬ ਵਧੇਰਾ ਸਮਾਂ 'ਗੁਰੂ ਦਾ ਚੱਕ' ਵਿਚ ਹੀ ਰਹੇ। ਉਂਝ ਉਹ ਗੋਇੰਦਵਾਲ ਅਤੇ ਕਰਤਾਰਪੁਰ (ਜਲੰਧਰ) ਵਿਚ ਵੀ ਕਈ ਕਈ ਦਿਨ ਰਿਹਾ ਕਰਦੇ ਸਨ।

ਜਨਵਰੀ 1613 ਵਿਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਦਿੱਲੀ ਵਿਚ ਸਨ, ਤਾਂ ਉਨ੍ਹਾਂ ਨੂੰ ਜਹਾਂਗੀਰ ਦੇ ਹੁਕਮ ਨਾਲ ਗ੍ਰਿਫ਼ਤਾਰ ਕਰ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ ਸੀ। ਗਵਾਲੀਅਰ ਦਾ ਕਿਲ੍ਹਾ ਰਾਜਿਆਂ, ਜਗੀਰਦਾਰਾਂ, ਵਜ਼ੀਰਾਂ, ਨਵਾਬਾਂ ਅਤੇ ਹੋਰ ਵੱਡੀਆਂ ਸ਼ਖ਼ਸੀਅਤਾਂ ਨੂੰ ਨਜ਼ਰਬੰਦ ਰੱਖਣ ਵਾਸਤੇ ਮਖ਼ਸੂਸ (ਰਾਖਵਾਂ) ਰਖਿਆ ਹੋਇਆ ਸੀ। ਇਥੇ ਗੁਰੂ ਸਾਹਿਬ ਤੋਂ ਇਲਾਵਾ 101 ਹੋਰ ਰਾਜੇ ਵਗ਼ੈਰਾ ਵੀ ਕੈਦ ਸਨ। ਗਵਾਲੀਅਰ ਦੇ ਕਿਲ੍ਹੇ ਵਿਚਲੇ ਸ਼ਾਹੀ ਕੈਦੀਆਂ ਨੂੰ ਭਾਵੇਂ ਖਾਣ-ਪੀਣ ਤੇ ਪਹਿਨਣ ਦੀਆਂ ਸਾਰੀਆਂ ਸਹੂਲਤਾਂ ਹਾਸਿਲ ਸਨ, ਪਰ ਕੈਦ ਤਾਂ ਕੈਦ ਹੀ ਹੁੰਦੀ ਹੈ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚ ਪੁੱਜੇ ਤਾਂ ਜੇਲ੍ਹ ਦਾ ਉਦਾਸੀ, ਬੇਦਿਲੀ, ਰੰਜ, ਨਿੰਮੋਝੂਣਤਾ ਤੇ ਹੀਣਤਾ ਦਾ ਮਾਹੌਲ ਇਕਦਮ ਬਦਲ ਗਿਆ। ਗੁਰੂ ਸਾਹਿਬ ਹਰ ਰੋਜ਼ ਦੀਵਾਨ ਸਜਾਉਣ ਲੱਗ ਪਏ। ਰੂਹਾਨੀਅਤ ਦੇ ਮਾਹੌਲ ਵਿਚ ਰਾਜੇ ਤੇ ਨਵਾਬ ਇਹ ਵੀ ਭੁੱਲ ਗਏ ਕਿ ਉਹ ਕੈਦੀ ਹਨ। ਉਹ ਆਪਣੇ ਆਪ ਨੂੰ ਗੁਰੂ ਦੇ ਦੁਆਰੇ ਦੇ ਵਾਸੀ ਮਹਿਸੂਸ ਕਰਨ ਲੱਗ ਪਏ।

ਭਾਵੇਂ ਜਹਾਂਗੀਰ ਨੇ ਗੁਰੂ ਸਾਹਿਬ ਨੂੰ 12 ਸਾਲ ਦੀ ਕੈਦ ਸੁਣਾ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰਨ ਦਾ ਹੁਕਮ ਸੁਣਾਇਆ ਹੋਇਆ ਸੀ, ਪਰ ਮਗਰੋਂ ਸਾਈਂ

ਮੀਆਂ ਮੀਰ ਅਤੇ ਬੇਗਮ ਨੂਰਜਹਾਂ ਦੀਆਂ ਕੋਸ਼ਿਸ਼ਾਂ ਨਾਲ ਜਹਾਂਗੀਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਣ ਲੱਗ ਪਿਆ। ਲਾਹੌਰ ਦੇ ਵਜ਼ੀਰ ਖ਼ਾਂ (ਸਰਹਿੰਦ ਦਾ ਵਜ਼ੀਰ ਖ਼ਾਂ ਹੋਰ ਸੀ) ਨੇ ਵੀ ਜਹਾਂਗੀਰ ਨੂੰ ਅਪੀਲ ਕੀਤੀ ਕਿ ਗੁਰੂ ਹਰਿਗੋਬਿੰਦ ਸਾਹਿਬ ਵਰਗੀ ਰੂਹਾਨੀ ਹਸਤੀ ਨੂੰ ਕੈਦ ਵਿਚ ਰੱਖਣਾ ਚੰਗਾ ਨਹੀਂ। ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫ਼ਤਾਰੀ ਤੋਂ ਕੁਝ ਹੀ ਮਹੀਨੇ ਮਗਰੋਂ ਜਹਾਂਗੀਰ ਬੀਮਾਰੀ ਦਾ ਸ਼ਿਕਾਰ ਹੋ ਗਿਆ ਤੇ ਉਦੋਂ ਤੋਂ ਹੀ ਉਹ ਪਰੇਸ਼ਾਨ ਰਹਿੰਦਾ ਸੀ। ਉਸ ਨੂੰ ਇਹ ਅਹਿਸਾਸ ਵੀ ਹੋਣ ਲੱਗ ਪਿਆ ਸੀ ਕਿ ਹੋ ਸਕਦਾ ਹੈ ਕਿ ਇਸੇ ਪੀਰ (ਗੁਰੂ ਹਰਿਗੋਬਿੰਦ ਸਾਹਿਬ) ਨੂੰ ਕੈਦ ਕਰਨ ਕਰ ਕੇ ਹੀ ਉਹ ਬੀਮਾਰ ਹੋ ਗਿਆ ਹੋਵੇ। ਇਨ੍ਹਾਂ ਸਾਰੀਆਂ ਗੱਲਾਂ ਨੇ ਜਹਾਂਗੀਰ ਨੂੰ ਚੋਖਾ ਅਸਰ-ਅੰਦਾਜ਼ ਕੀਤਾ ਤੇ ਉਸ ਨੇ ਗੁਰੂ ਸਾਹਿਬ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿੱਤੇ।

ਜਦੋਂ ਜਹਾਂਗੀਰ ਵਲੋਂ ਗੁਰੂ ਸਾਹਿਬ ਦੀ ਰਿਹਾਈ ਸਬੰਧੀ ਹੁਕਮ ਗਵਾਲੀਅਰ ਪੁੱਜਾ ਤਾਂ ਉਥੇ ਕੈਦ ਰਾਜੇ ਤੇ ਨਵਾਬ ਬੜੇ ਉਦਾਸ ਹੋਏ। ਉਨ੍ਹਾਂ ਵਿੱਚੋਂ ਬਹੁਤੇ ਜ਼ਾਰ-ਜ਼ਾਰ ਰੋਣ ਲੱਗ ਪਏ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਨ੍ਹਾਂ ਦੀ ਰਿਹਾਈ ਵਾਸਤੇ ਵੀ ਕੋਸ਼ਿਸ਼ ਕਰਨ। ਇਸ 'ਤੇ ਗੁਰੂ ਸਾਹਿਬ ਨੇ ਰਿਹਾਅ ਹੋਣ ਤੋਂ ਨਾਂਹ ਕਰ ਦਿੱਤੀ ਤੇ ਸ਼ਰਤ ਰੱਖੀ ਕਿ ਜੇ ਬਾਕੀ ਕੈਦੀ ਰਾਜੇ ਵੀ ਰਿਹਾਅ ਕੀਤੇ ਜਾਣਗੇ ਤਾਂ ਹੀ ਮੈਂ ਰਿਹਾਈ ਕਬੂਲ ਕਰਾਂਗਾ। ਜਦੋਂ ਗੁਰੂ ਸਾਹਿਬ ਦੇ ਇਸ ਫ਼ੈਸਲੇ ਦਾ ਪਤਾ ਜਹਾਂਗੀਰ ਨੂੰ ਲੱਗਾ ਤਾਂ ਉਸ ਨੇ ਗੁਰੂ ਦੀ ਅਜ਼ਮਤ ਅੱਗੇ ਸਿਰ ਝੁਕਾਇਆ ਅਤੇ ਨਵਾਂ ਹੁਕਮ ਜਾਰੀ ਕੀਤਾ, ਜਿਸ ਵਿਚ ਇਹ ਕਿਹਾ ਗਿਆ ਕਿ ਗਵਾਲੀਅਰ ਕਿਲ੍ਹੇ ਵਿਚ ਛੋਟੀਆਂ ਕੈਦਾਂ ਵਾਲੇ ਸਾਰੇ ਰਾਜੇ ਰਿਹਾਅ ਕਰ ਦਿੱਤੇ ਜਾਣ ਅਤੇ ਵੱਡੀਆਂ ਕੈਦ ਵਾਲੇ 52 ਰਾਜਿਆਂ ਵਿੱਚੋਂ ਜਿੰਨੇ ਰਾਜੇ ਗੁਰੂ ਸਾਹਿਬ ਦਾ ਚੋਗਾ ਫੜ ਕੇ ਜੇਲ੍ਹ 'ਚੋਂ ਬਾਹਰ ਆ ਸਕਣ, ਉਹ ਵੀ ਰਿਹਾਅ ਕਰ ਦਿੱਤੇ ਜਾਣ। ਜਹਾਂਗੀਰ ਦਾ ਇਹ ਹੁਕਮ ਲੈ ਕੇ ਉਸ ਦਾ ਇਕ ਸੀਨੀਅਰ ਦਰਬਾਰੀ ਗਵਾਲੀਅਰ ਪੁੱਜਾ। ਉਸ ਦਿਨ 26 ਅਕਤੂਬਰ 1619 ਦੀ ਤਾਰੀਖ਼ ਸੀ। ਗੁਰੂ ਸਾਹਿਬ ਨੇ ਜਹਾਂਗੀਰ ਦੇ ਇਸ ਫ਼ੈਸਲੇ ਨੂੰ ਪੜ੍ਹਨ ਮਗਰੋਂ ਐਲਾਨ ਕੀਤਾ ਕਿ ਮੈਂ ਅਗਲੇ ਦਿਨ ਕਿਲ੍ਹਾ ਛੱਡ ਦੇਵਾਂਗਾ। ਗੁਰੂ ਸਾਹਿਬ ਨੇ ਜੇਲ੍ਹ ਦੇ ਦਰੋਗੇ ਭਾਈ ਹਰੀ ਦਾਸ ਯਾਦਵ ਨੂੰ ਆਖ ਕੇ ਇਕ 52 ਕਲੀਆਂ ਵਾਲਾ ਚੋਗਾ ਤਿਆਰ ਕਰਵਾ ਲਿਆ। ਅਗਲੇ ਦਿਨ ਗੁਰੂ ਸਾਹਿਬ ਨੇ ਇਸ ਚੋਗੇ ਦੀ ਇਕ-ਇਕ ਕਲੀ ਸਾਰੇ 52 ਰਾਜਿਆਂ ਨੂੰ ਫੜਾਈ ਤੇ ਸਾਰਿਆਂ ਨੂੰ ਰਿਹਾਅ ਕਰਵਾ ਲਿਆ (ਇਸ 'ਤੇ ਇਨ੍ਹਾਂ ਹਿੰਦੂ ਰਾਜਿਆਂ ਨੇ ਗੁਰੂ ਸਾਹਿਬ ਨੂੰ 'ਬੰਦੀ-ਛੋੜ' ਆਖਿਆ)। 27 ਅਕਤੂਬਰ 1619 (ਹਿੰਦੂ ਦੀਵਾਲੀ) ਦੇ ਦਿਨ ਗੁਰੂ ਸਾਹਿਬ ਨਾਲ ਰਿਹਾਅ ਹੋਣ ਵਾਲੇ ਇਨ੍ਹਾਂ ਰਾਜਿਆਂ ਵਿਚ ਕਹਿਲੂਰ (ਬਿਲਾਸਪੁਰ) ਰਿਆਸਤ ਦਾ ਰਾਜਾ ਕਲਿਆਣ ਚੰਦ ਤੇ ਉਸ ਦਾ ਪੁੱਤਰ ਤਾਰਾ ਚੰਦ, ਹੰਡੂਰ ਰਿਆਸਤ ਦਾ ਰਾਜਾ ਹਿਮਤ ਚੰਦ ਅਤੇ ਕਈ ਹੋਰ ਰਿਆਸਤਾਂ ਦੇ ਰਾਜੇ, ਸ਼ਹਿਜ਼ਾਦੇ ਤੇ ਜਗੀਰਦਾਰ ਵੀ ਸ਼ਾਮਿਲ ਸਨ।

ਰਿਹਾਈ ਮਗਰੋਂ ਗੁਰੂ ਸਾਹਿਬ ਗਵਾਲੀਅਰ ਤੋਂ ਚੱਲ ਕੇ ਰਸਤੇ ਵਿਚ ਆਗਰਾ, ਦਿੱਲੀ ਤੇ ਹੋਰ ਨਗਰਾਂ ਵਿਚ ਸੰਗਤਾਂ ਨੂੰ ਦਰਸ਼ਨ ਦੇਂਦੇ ਗੋਇੰਦਵਾਲ ਪੁੱਜੇ।

27 ਜਨਵਰੀ 1620 ਦੇ ਦਿਨ ਜਹਾਂਗੀਰ ਗੋਇੰਦਵਾਲ ਆਇਆ ਤੇ ਇਥੋਂ ਗੁਰੂ ਸਾਹਿਬ ਉਸ ਨਾਲ 8 ਫ਼ਰਵਰੀ 1620 ਦੇ ਦਿਨ ਕਲਾਨੌਰ (ਜ਼ਿਲ੍ਹਾ ਗੁਰਦਾਸਪੁਰ) ਗਏ। ਇਸ ਮਗਰੋਂ ਗੁਰੂ ਸਾਹਿਬ ਅਤੇ ਜਹਾਂਗੀਰ ਇਕੱਠੇ ਕਸ਼ਮੀਰ ਦੇ ਸਫ਼ਰ 'ਤੇ ਗਏ। 1620 ਦੇ ਅਖ਼ੀਰ ਵਿਚ ਗੁਰੂ ਸਾਹਿਬ ਪੰਜਾਬ ਪਰਤੇ ਅਤੇ ਗੋਇੰਦਵਾਲ ਰਹਿਣ ਲੱਗ ਪਏ। 28 ਦਸੰਬਰ 1620 ਦੇ ਦਿਨ (ਗਵਾਲੀਅਰ ਤੋਂ ਰਿਹਾਅ ਹੋਣ ਤੋਂ 14 ਮਹੀਨੇ ਬਾਅਦ ਅਤੇ ਅੰਮ੍ਰਿਤਸਰ ਤੋਂ ਜਾਣ ਤੋਂ 8 ਸਾਲ ਮਗਰੋਂ) ਗੁਰੂ ਸਾਹਿਬ ਪਹਿਲੀ ਵਾਰ ਦਰਬਾਰ ਸਾਹਿਬ ਪੁੱਜੇ। ਗੁਰੂ ਸਾਹਿਬ ਦੇ ਅੰਮ੍ਰਿਤਸਰ ਮੁੜਨ ਦੀ ਖ਼ੁਸ਼ੀ ਵਿਚ ਇਥੋਂ ਦੇ ਲੋਕਾਂ ਨੇ ਦੀਵੇ ਜਗਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਇਸ ਮਗਰੋਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਅਤੇ ਗੋਇੰਦਵਾਲ ਦੋਹਾਂ ਜਗ੍ਹਾ 'ਤੇ ਧਰਮ ਪ੍ਰਚਾਰ ਸ਼ੁਰੂ ਕੀਤਾ।

ਕੀਰਤਪੁਰ ਸਾਹਿਬ ਦੀ ਨੀਂਹ

11 ਅਪਰੈਲ 1624 ਦੇ ਦਿਨ ਕਹਿਲੂਰ (ਬਿਲਾਸਪੁਰ) ਰਿਆਸਤ ਦਾ ਰਾਜਾ ਕਲਿਆਣ ਚੰਦ ਆਪਣੇ ਪੁੱਤਰ ਤਾਰਾ ਚੰਦ ਅਤੇ ਕੁਝ ਅਹਿਲਕਾਰਾਂ ਸਮੇਂ ਗੁਰੂ ਦਾ ਚੱਕ (ਅੰਮ੍ਰਿਤਸਰ) ਆਇਆ। ਉਸ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਕਹਿਲੂਰ ਰਿਆਸਤ ਵਿਚ ਵੀ ਸਿੱਖੀ ਦਾ ਸੈਂਟਰ ਕਾਇਮ ਕਰਨ। ਉਸ ਵੇਲੇ ਤਕ ਰੁਹੀਲਾ ਦੀ ਲੜਾਈ (27 ਸਤੰਬਰ ਅਤੇ 3 ਅਕਤੂਬਰ 1621) ਹੋ ਚੁੱਕੀ ਸੀ। ਇਸ ਲੜਾਈ ਵਿਚ ਗੁਰੂ ਸਾਹਿਬ ਤੇ ਸਿੱਖਾਂ ਨੇ ਹਮਲਾਵਰਾਂ ਨੂੰ ਬੁਰੀ ਤਰ੍ਹਾਂ ਸ਼ਿਕਸਤ ਦਿੱਤੀ ਸੀ। ਕਲਿਆਣ ਚੰਦ ਸੋਚਦਾ ਸੀ ਕਿ ਜੇ ਗੁਰੂ ਸਾਹਿਬ ਨੇ ਕਹਿਲੂਰ ਰਿਆਸਤ ਵਿਚ ਆਪਣਾ ਸੈਂਟਰ ਕਾਇਮ ਕਰ ਲਿਆ ਤਾਂ ਕੋਈ ਵੀ ਦੁਸ਼ਮਣ ਉਸ ਦੇ ਇਲਾਕੇ ਵੱਲ ਮੂੰਹ ਨਹੀਂ ਕਰੇਗਾ।

ਪਰ, ਗੁਰੂ ਸਾਹਿਬ ਨੇ ਰਾਜਾ ਕਲਿਆਣ ਚੰਦ ਦੀ ਪੇਸ਼ਕਸ਼ ਕਬੂਲ ਨਾ ਕੀਤੀ। ਉਨ੍ਹਾਂ ਉਸ ਨਾਲ ਵਾਅਦਾ ਕੀਤਾ ਕਿ ਉਸ ਦੀ ਰਿਆਸਤ ਵੱਲ ਆਉਂਦੇ-ਜਾਂਦੇ ਰਹਿਣਗੇ ਤੇ ਜੇ ਕੋਈ ਉਸ 'ਤੇ ਹਮਲਾ ਕਰੇਗਾ ਤਾਂ ਸਿੱਖ ਉਸ ਦੀ ਹਿਫ਼ਾਜ਼ਤ ਵਾਸਤੇ ਜ਼ਰੂਰ ਪੁੱਜਣਗੇ। ਪਰ, ਰਾਜਾ ਕਲਿਆਣ ਚੰਦ ਵਲੋਂ ਵਾਰ-ਵਾਰ ਅਰਜ਼ ਕਰਨ 'ਤੇ ਗੁਰੂ ਸਾਹਿਬ ਨੇ ਆਪਣੇ ਬੇਟੇ (ਬਾਬਾ) ਗੁਰਦਿੱਤਾ ਨੂੰ ਕਹਿਲੂਰ ਰਿਆਸਤ ਵਿਚ ਸਿੱਖ ਨਗਰ ਦਾ ਮੁੱਢ ਬੰਨ੍ਹਣ ਦੀ ਜ਼ਿੰਮੇਵਾਰੀ ਸੌਂਪੀ। *ਭੱਟ ਵਹੀ ਮੁਲਤਾਨੀ ਸਿੰਧੀ* ਮੁਤਾਬਿਕ ਰਾਜਾ ਕਲਿਆਣ ਚੰਦ ਨੇ ਆਪਣੀ ਰਿਆਸਤ ਦੀ ਸਰਹਿੰਦ ਸੂਬੇ ਨਾਲ ਲੱਗਦੀ ਸਰਹੱਦ ਦੇ ਨੇੜੇ ਚਾਰ ਪਿੰਡਾਂ ਦੇ ਵਿਚਕਾਰਲੀ ਜ਼ਮੀਨ ਸਿੱਖ ਨਗਰ ਵਾਸਤੇ ਦੇਣ ਦਾ ਐਲਾਨ ਕੀਤਾ। ਇਹ ਚਾਰ ਪਿੰਡ ਸਨ: ਜੀਊਵਾਲ, ਕਲਿਆਣਪੁਰ, ਭਟੋਲੀ ਅਤੇ ਭੱਗੂਵਾਲ। ਰਾਜਾ ਕਲਿਆਣ ਚੰਦ ਚਾਹੁੰਦਾ ਸੀ ਕਿ ਇਸ ਜ਼ਮੀਨ ਨੂੰ ਉਸ ਵਲੋਂ ਧਰਮ ਅਰਥ (ਦਾਨ) ਵਜੋਂ ਕਬੂਲ ਕੀਤਾ ਜਾਵੇ। ਪਰ ਗੁਰੂ ਸਾਹਿਬ ਨੇ ਜ਼ਮੀਨ ਮੁਫ਼ਤ ਲੈਣ ਤੋਂ ਨਾਂਹ ਕਰ ਦਿੱਤੀ। ਅਖ਼ੀਰ ਰਾਜਾ ਕਲਿਆਣ ਚੰਦ ਨੇ ਗੁਰੂ ਸਾਹਿਬ ਤੋਂ ਜ਼ਮੀਨ ਦੀ ਕੀਮਤ ਲੈਣੀ ਮਨਜ਼ੂਰ ਕਰ ਲਈ। ਗੁਰੂ ਸਾਹਿਬ ਦੇ ਸੁਝਾਅ 'ਤੇ ਕਲਿਆਣ ਚੰਦ ਨੇ ਗੁਰੂ ਸਾਹਿਬ ਤੋਂ ਹਾਸਿਲ ਕੀਤੀ ਰਕਮ ਆਪਣੀ ਰਿਆਸਤ ਦੇ ਗ਼ਰੀਬ-ਗ਼ੁਰਬੇ 'ਤੇ ਖ਼ਰਚ ਕਰਨ ਦਾ ਫ਼ੈਸਲਾ ਕੀਤਾ।

ਕੀਰਤਪੁਰ ਸਾਹਿਬ ਦੀ ਨੀਂਹ ਰੱਖਣਾ

ਕੁਝ ਦਿਨ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਸਭ ਤੋਂ ਵੱਡੇ ਬੇਟੇ (ਬਾਬਾ) ਗੁਰਦਿੱਤਾ ਨੂੰ ਨਵੇਂ ਸਿੱਖ ਨਗਰ ਦੀ ਮੋੜ੍ਹੀ ਗੱਡਣ ਵਾਸਤੇ ਬਾਬਾ ਸ੍ਰੀਚੰਦ

ਨੂੰ ਲਿਜਾਣ ਵਾਸਤੇ ਆਖਿਆ। (ਬਾਬਾ) ਗੁਰਦਿੱਤਾ ਪਿੰਡ ਜੀਊਵਾਲ ਵਿਚ ਭਾਈ ਹਰੀਏ ਬੜ੍ਹੰਗ ਦੇ ਘਰ ਗਿਆ। ਇਥੋਂ (ਬਾਬਾ) ਗੁਰਦਿੱਤਾ, ਭਾਈ ਹਰੀਆ ਬੜ੍ਹੰਗ ਅਤੇ ਭਾਈ ਕਮਲੀਆ (ਅਲਮਸਤ) ਬਾਬਾ ਸ੍ਰੀਚੰਦ ਨੂੰ ਮਿਲਣ ਗਏ। ਇਨ੍ਹਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਬਾਬਾ ਬੁੱਢਾ, ਭਾਈ ਸਿੰਘਾ ਪੁਰੋਹਿਤ ਤੇ ਭਾਈ ਖੇਮਾ ਚੰਦਨੀਆ ਵੀ ਗਏ। ਇਹ ਸਾਰੇ ਬਾਬਾ ਸ੍ਰੀਚੰਦ ਨੂੰ ਨਵੇਂ ਸਿੱਖ ਨਗਰ ਵਾਲੀ ਥਾਂ 'ਤੇ ਲੈ ਕੇ ਆਏ।

ਭੱਟ ਵਹੀ ਮੁਲਤਾਨੀ ਸਿੰਧੀ ਮੁਤਾਬਿਕ 23 ਅਪਰੈਲ 1624 ਦੇ ਦਿਨ ਬਾਬਾ ਸ੍ਰੀਚੰਦ ਨੇ ਨਵੇਂ ਸਿੱਖ ਨਗਰ ਦੀ ਮੋੜ੍ਹੀ ਗੱਡੀ ਅਤੇ ਇਕ ਬਾਉਲੀ (ਇਹ ਬਾਉਲੀ ਅੱਜ ਵੀ ਗੁਰਦੁਆਰਾ ਹਰਿਮੰਦਰ ਸਾਹਿਬ ਦੇ ਪਿਛਵਾੜੇ ਵਿਚ ਮੌਜੂਦ ਹੈ) ਦਾ ਟੱਕ ਲਾਇਆ। ਨਵੇਂ ਸਿੱਖ ਨਗਰ ਦਾ ਨਾਂ ਕੀਰਤਪੁਰ ਰਖਿਆ ਗਿਆ। ਇਸ ਮਗਰੋਂ ਇਥੇ ਬਾਬਾ ਗੁਰਦਿੱਤਾ ਦੇ ਰਹਿਣ ਵਾਸਤੇ ਮਕਾਨ ਦੀ ਉਸਾਰੀ ਸ਼ੁਰੂ ਹੋਈ ਤੇ ਨਾਲ ਹੀ ਇਸ ਬਾਉਲੀ ਦੀ ਪੁਟਾਈ ਵੀ ਚੱਲਦੀ ਰਹੀ। ਹੌਲੀ-ਹੌਲੀ ਕੀਰਤਪੁਰ ਵਿਚ ਥੋੜ੍ਹੇ ਜਿਹੇ ਘਰ ਬਣ ਗਏ। (ਬਾਬਾ) ਗੁਰਦਿੱਤਾ ਨੇ ਇਸ ਇਲਾਕੇ ਵਿਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਤੋਂ ਇਲਾਵਾ ਬਾਬਾ ਅਲਮਸਤ ਅਤੇ ਕੁਝ ਹੋਰ ਸਿੱਖ ਵੀ ਇਥੇ ਹੀ ਰਹਿਣ ਲੱਗ ਪਏ।

ਅਗਲੇ 10 ਸਾਲ (ਬਾਬਾ) ਗੁਰਦਿੱਤਾ ਗੁਰੂ ਦਾ ਚੱਕ ਅਤੇ ਕੀਰਤਪੁਰ ਵਿਚ ਆਉਂਦੇ-ਜਾਂਦੇ ਰਹੇ। ਆਪ ਵਧੇਰੇ ਸਮਾਂ ਆਲੇ-ਦੁਆਲੇ ਦੇ ਇਲਾਕੇ ਵਿਚ ਪ੍ਰਚਾਰ ਕਰ ਕੇ ਹੀ ਬਿਤਾਂਦੇ ਸਨ ਤੇ ਪਿੱਛੋਂ ਸਾਰੀ ਸੇਵਾ-ਸੰਭਾਲ ਬਾਬਾ ਕਮਲੀਆ ਅਤੇ ਉਸ ਦੇ ਸਾਥੀ ਹੀ ਕਰਿਆ ਕਰਦੇ ਸਨ।

ਗੁਰੂ ਹਰਿਗੋਬਿੰਦ ਸਾਹਿਬ ਦਾ ਕੀਰਤਪੁਰ ਆਉਣਾ

ਕੀਰਤਪੁਰ ਦਾ ਮੁੱਢ ਬੱਝਣ ਤੋਂ ਮਗਰੋਂ ਵੀ ਗੁਰੂ ਹਰਿਗੋਬਿੰਦ ਸਾਹਿਬ ਆਪ ਤਾਂ ਗੁਰੂ ਦਾ ਚੱਕ (ਅੰਮ੍ਰਿਤਸਰ), ਗੋਇੰਦਵਾਲ ਅਤੇ ਕਰਤਾਰਪੁਰ (ਜਲੰਧਰ) ਵਿਚ ਹੀ ਰਹਿੰਦੇ ਰਹੇ। ਵਿੱਚੋਂ ਕੁਝ ਮਹੀਨੇ ਵਾਸਤੇ ਆਪ ਡਰੋਲੀ ਭਾਈ (ਮੋਗਾ ਨੇੜੇ) ਵਿਚ ਆਪਣੇ ਸਾਂਢੂ ਭਾਈ ਸਾਈਂ ਦਾਸ ਦੇ ਪਿੰਡ ਵਿਚ ਵੀ ਰਹੇ। ਇਸ ਦੌਰਾਨ ਆਪ ਨੂੰ ਤਿੰਨ ਵੱਡੀਆਂ ਲੜਾਈਆਂ ਵੀ ਲੜਨੀਆਂ ਪਈਆਂ। ਪਹਿਲੀ ਲੜਾਈ 13 ਅਪਰੈਲ 1634 ਦੇ ਦਿਨ 'ਗੁਰੂ ਦਾ ਚੱਕ' ਵਿਚ, ਦੂਜੀ ਲੜਾਈ ਮਾਲਵੇ ਦੇ ਇਲਾਕੇ ਬਾਹੀਆ (22 ਪਿੰਡਾਂ ਦਾ ਜ਼ੋਨ) ਵਿਚ ਮਹਿਰਾਜ ਪਿੰਡ ਦੇ ਦੁਆਲੇ 16-17 ਦਸੰਬਰ 1634 ਨੂੰ ਤੇ ਤੀਜੀ ਲੜਾਈ ਕਰਤਾਰਪੁਰ (ਜਲੰਧਰ) ਵਿਚ 26-27-28 ਅਪਰੈਲ 1635 ਨੂੰ ਹੋਈ। ਇਨ੍ਹਾਂ ਸਾਰੀਆਂ ਲੜਾਈਆਂ ਵਿਚ ਗੁਰੂ ਸਾਹਿਬ ਨੇ ਹਮਲਾਵਰ ਫ਼ੌਜਾਂ ਨੂੰ ਬੁਰੀ ਤਰ੍ਹਾਂ ਹਰਾਇਆ। ਇਸ ਵਕਤ (1627 ਤੋਂ) ਮੁਗਲ ਤਖ਼ਤ 'ਤੇ ਸ਼ਾਹਜ਼ਹਾਨ ਬੈਠਾ ਹੋਇਆ ਸੀ ਤੇ ਗੁਰੂ ਸਾਹਿਬ ਦੀ ਉਸ ਨਾਲ ਕੋਈ ਨੇੜਤਾ ਨਹੀਂ ਸੀ।

ਭਾਵੇਂ ਗੁਰੂ ਸਾਹਿਬ ਨੇ ਆਪਣੇ 'ਤੇ ਹੋਏ ਹਰ ਹਮਲੇ ਨੂੰ ਪਛਾੜ ਦਿੱਤਾ ਸੀ, ਪਰ ਉਹ ਮਹਿਸੂਸ ਕਰਦੇ ਸਨ ਕਿ ਇਸ ਮਾਹੌਲ ਨਾਲ ਧਰਮ ਪ੍ਰਚਾਰ 'ਤੇ ਬਹੁਤ ਜ਼ਿਆਦਾ ਅਸਰ ਪੈ ਰਿਹਾ ਹੈ। ਭਾਵੇਂ ਸਿੱਖ ਧਰਮ ਵਿਚ 'ਪੀਰ' 'ਮੀਰੀ' ਦਾ ਮਾਲਿਕ ਵੀ ਹੈ, ਪਰ ਮੀਰੀ ਵਾਸਤੇ ਧਰਮ ਦਾ ਫ਼ਰਜ਼ ਦੂਜੇ ਦਰਜੇ 'ਤੇ ਰੱਖਣਾ ਵੀ ਮੁਨਾਸਿਬ ਨਹੀਂ ਹੈ। ਇਹ ਸੋਚ ਕੇ ਗੁਰੂ ਸਾਹਿਬ ਨੇ ਕਰਤਾਰਪੁਰ (ਜਲੰਧਰ) ਤੋਂ ਪਹਾੜ ਵੱਲ ਚਲੇ ਜਾਣ ਦਾ ਫ਼ੈਸਲਾ ਕੀਤਾ। ਆਪ, ਆਪਣੇ ਸਾਥੀ ਸਿੱਖਾਂ ਅਤੇ ਪਰਿਵਾਰ ਸਮੇਤ, 28 ਅਪਰੈਲ 1635 ਨੂੰ ਨਵੇਂ ਸਿੱਖ ਨਗਰ ਕੀਰਤਪੁਰ ਵੱਲ ਚੱਲ ਪਏ। ਰਸਤੇ ਵਿਚ ਆਪ ਨੂੰ ਫਗਵਾੜਾ ਵਿਚ ਇਕ ਹੋਰ ਮੁਗ਼ਲ ਹਮਲੇ ਦਾ ਮੁਕਾਬਲਾ ਕਰਨਾ ਪਿਆ। ਇਸ ਛੇਵੀਂ ਲੜਾਈ ਵਿਚ ਵੀ ਜਿੱਤ ਹਾਸਿਲ ਕਰਨ ਮਗਰੋਂ ਗੁਰੂ ਸਾਹਿਬ ਕੀਰਤਪੁਰ ਵੱਲ ਚਲੇ ਗਏ। ਗੁਰੂ ਸਾਹਿਬ 1 ਮਈ 1635 ਦੇ ਦਿਨ ਕੀਰਤਪੁਰ ਪਹੁੰਚ ਗਏ।

ਥੋੜ੍ਹੇ ਹੀ ਦਿਨਾਂ ਵਿਚ ਕੀਰਤਪੁਰ ਵਿਚ ਖ਼ੂਬ ਰੌਣਕਾਂ ਸ਼ੁਰੂ ਹੋ ਗਈਆਂ। ਚਹੁੰਆਂ ਪਾਸਿਆਂ ਤੋਂ ਸਿੱਖ ਕੀਰਤਪੁਰ ਆਉਣ ਲੱਗ ਪਏ। ਕੀਰਤਪੁਰ ਛੇਤੀ ਹੀ ਇਕ ਬੜਾ ਵੱਡਾ ਪਿੰਡ ਬਣ ਗਿਆ। ਇਥੇ ਦਰਜਨਾਂ ਮਕਾਨ ਉਸਰ ਗਏ। ਗੁਰੂ ਸਾਹਿਬ ਦੇ ਚਾਰੇ ਮਹਿਲ ਅਤੇ ਸਾਰੇ ਬੇਟੇ ਵੀ ਇਥੇ ਵੱਖ-ਵੱਖ ਮਕਾਨ ਬਣਾ ਕੇ ਰਹਿਣ ਲੱਗ ਪਏ। ਉਨ੍ਹਾਂ ਦੀ ਬੇਟੀ ਬੀਬੀ ਵੀਰੋ ਦਾ ਵਿਆਹ ਪਹਿਲੋਂ ਹੀ ਅਪਰੈਲ 1634 ਵਿਚ ਹੋ

ਚੁੱਕਿਆ ਸੀ। ਹੁਣ ਗੁਰੂ ਦਾ ਚੱਕ (ਅੰਮ੍ਰਿਤਸਰ) ਤੇ ਗੋਇੰਦਵਾਲ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੇ ਪਰਿਵਾਰਾਂ ਵਿੱਚੋਂ ਕੋਈ ਵੀ ਪਿੱਛੇ ਨਹੀਂ ਸੀ ਰਿਹਾ। ਉਨ੍ਹਾਂ ਨੇ ਗੁਰੂ ਦਾ ਚੱਕ ਦੀ ਸੇਵਾ-ਸੰਭਾਲ ਆਪਣੇ ਤਾਏ ਪ੍ਰਿਥੀਚੰਦ ਦੇ ਪੁੱਤਰ ਮਿਹਰਬਾਨ ਨੂੰ ਸੌਂਪ ਦਿੱਤੀ ਹੋਈ ਸੀ ਅਤੇ ਗੁਰੂ ਅਮਰਦਾਸ ਸਾਹਿਬ ਦੇ ਪੋਤੇ ਗੋਇੰਦਵਾਲ ਸਾਹਿਬ ਦੀ ਸੇਵਾ-ਸੰਭਾਲ ਕਰਦੇ ਸਨ। ਉਧਰ ਕਰਤਾਰਪੁਰ (ਜਲੰਧਰ) ਵਿਚ ਸਿਰਫ਼ ਧੀਰਮੱਲ (ਪੁੱਤਰ ਬਾਬਾ ਗੁਰਦਿੱਤਾ) ਹੀ ਰਹਿ ਗਿਆ ਸੀ। ਉਸ ਨੇ ਕੀਰਤਪੁਰ ਜਾਣ ਤੋਂ ਨਾਂਹ ਕਰ ਦਿੱਤੀ ਸੀ।

ਗੁਰੂ ਸਾਹਿਬ ਦੇ ਕੀਰਤਪੁਰ ਜਾਣ ਮਗਰੋਂ ਗੁਰੂ ਦਾ ਚੱਕ (ਅੰਮ੍ਰਿਤਸਰ), ਗੋਇੰਦਵਾਲ ਤੇ ਕਰਤਾਰਪੁਰ (ਜਲੰਧਰ) ਦੀ ਰੌਣਕ ਬਹੁਤ ਘੱਟ ਗਈ। ਕੀਰਤਪੁਰ ਹੀ ਸਿੱਖਾਂ ਦਾ ਵੱਡਾ ਸੈਂਟਰ ਬਣ ਗਿਆ। ਸਾਲ ਵਿਚ ਚਾਰ ਵਾਰ ਸੰਗਤਾਂ ਕੀਰਤਪੁਰ ਵਿਚ ਇਕੱਠੀਆਂ ਹੋਣ ਲੱਗ ਪਈਆਂ। ਇਨ੍ਹਾਂ ਮੌਕਿਆਂ 'ਤੇ ਸਿਰਫ਼ ਸਿੱਖ ਸੰਗਤਾਂ ਹੀ ਨਹੀਂ, ਬਲਕਿ ਗੁਰੂ ਸਾਹਿਬ ਵਲੋਂ ਰਿਹਾਅ ਕਰਵਾਏ ਗਏ ਰਾਜੇ, ਜਗੀਰਦਾਰ, ਵਜ਼ੀਰ ਤੇ ਹੋਰ ਕਈ ਸਿਰਕਰਦਾ ਚੌਧਰੀ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ ਕਰਦੇ ਸਨ। ਮੁਗ਼ਲ ਬਾਦਸ਼ਾਹ ਦੇ ਦਰਬਾਰ ਤੋਂ ਬਾਅਦ ਹੁਣ ਕੀਰਤਪੁਰ ਸਭ ਤੋਂ ਵੱਡਾ ਦਰਬਾਰ ਬਣ ਚੁੱਕਾ ਸੀ।

ਹੁਣ ਗੁਰੂ ਸਾਹਿਬ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਕੀਰਤਪੁਰ ਸਾਹਿਬ ਤੋਂ ਚਲਾਇਆ ਕਰਦੇ ਸਨ। ਜਿਸ ਜਗ੍ਹਾ 'ਤੇ ਗੁਰੂ ਸਾਹਿਬ ਅਕਾਲ ਤਖ਼ਤ ਸਾਹਿਬ ਦਾ ਦਰਬਾਰ ਲਾਇਆ ਕਰਦੇ ਸਨ, ਉਸ ਨੂੰ ਅੱਜ-ਕਲ੍ਹ ਗੁਰਦੁਆਰਾ ਤਖ਼ਤ ਸਾਹਿਬ ਆਖਿਆ ਜਾਂਦਾ ਹੈ। ਇਸ ਤਖ਼ਤ ਸਾਹਿਬ ਦੇ ਦਰਬਾਰ ਵਿਚ ਬਹੁਤ ਸਾਰੇ ਰਾਜੇ ਤੇ ਸਫ਼ੀਰ ਆ ਕੇ ਗੁਰੂ ਸਾਹਿਬ ਕੋਲ ਪੇਸ਼ ਹੋਇਆ ਕਰਦੇ ਸਨ ਤੇ ਅਕਾਲ ਪੁਰਖ ਦੀ ਨਿਗਾਹਬਾਨੀ ਦੀ ਅਰਦਾਸ ਕਰਿਆ ਕਰਦੇ ਸਨ। ਅਕਾਲ ਪੁਰਖ ਦੇ ਤਖ਼ਤ ਦੀ ਵਫ਼ਾਦਾਰੀ ਕਬੂਲ ਕਰਨ ਵਾਲੇ ਰਜਵਾੜਿਆਂ, ਜਗੀਰਦਾਰਾਂ ਤੇ ਚੌਧਰੀਆਂ ਨੂੰ ਗੁਰੂ ਹਰਿਗੋਬਿੰਦ ਸਾਹਿਬ 'ਰਾਖੀ' (ਹਿਫ਼ਾਜ਼ਤ) ਬਖ਼ਸ਼ਿਆ ਕਰਦੇ ਸਨ। ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਕਬੂਲ ਕਰਨ ਵਾਲਿਆਂ ਵਿਚ ਕਹਿਲੂਰ (ਬਿਲਾਸਪੁਰ), ਹੰਡੂਰ (ਨਾਲਾਗੜ੍ਹ) ਤੋਂ ਇਲਾਵਾ ਮੰਡੀ, ਨਾਹਨ ਵਗ਼ੈਰਾ ਪਹਾੜਾਂ ਅਤੇ ਰਾਜਪੂਤਾਨਾ ਦੇ ਕਈ ਰਾਜੇ ਸ਼ਾਮਿਲ ਸਨ।

ਕੀਰਤਪੁਰ ਦੀ ਪਹਿਲੀ ਲੜਾਈ

ਰੋਪੜ ਦੇ ਨਵਾਬ ਨਾਲ ਦੋ-ਹੱਥ

1635 ਵਿਚ ਰੋਪੜ ਇਲਾਕੇ ਦਾ ਨਵਾਬ ਨਾਸਰ ਅਲੀ ਸੀ। ਉਹ ਪਹਾੜੀ ਰਾਜਿਆਂ 'ਤੇ ਅਕਸਰ ਰੋਹਬ ਪਾਉਂਦਾ ਰਹਿੰਦਾ ਸੀ। ਹੰਡੂਰ (ਹੁਣ ਨਾਲਾਗੜ੍ਹ) ਅਤੇ ਕਹਿਲੂਰ (ਬਿਲਾਸਪੁਰ) ਦੀਆਂ ਰਿਆਸਤਾਂ ਦੀਆਂ ਹੱਦਾਂ ਉਸ ਦੇ ਨਾਲ ਲੱਗਦੀਆਂ ਸਨ। ਨਾਸਰ ਅਲੀ ਇਨ੍ਹਾਂ ਦੋਹਾਂ ਰਿਆਸਤਾਂ ਦੇ ਇਲਾਕਿਆਂ 'ਤੇ ਅਕਸਰ ਹਮਲੇ ਕਰਦਾ ਰਹਿੰਦਾ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕੀਰਤਪੁਰ ਰਹਿਣ ਲੱਗ ਪਏ ਤਾਂ ਹੰਡੂਰ ਦੇ ਰਾਜੇ ਹਿਮਤ ਚੰਦ ਨੇ ਰੋਪੜ ਦੇ ਨਵਾਬ ਦੇ ਖ਼ਿਲਾਫ਼ ਗੁਰੂ ਸਾਹਿਬ ਤੋਂ ਮਦਦ ਮੰਗੀ। ਗੁਰੂ ਸਾਹਿਬ ਨੇ ਉਸ ਦੀ ਰਾਖੀ ਕਰਨ ਦਾ ਵਾਅਦਾ ਕੀਤਾ। ਪਹਿਲੀ ਜੁਲਾਈ 1635 ਦੇ ਦਿਨ (ਜਦੋਂ ਗੁਰੂ ਸਾਹਿਬ ਨੂੰ ਕੀਰਤਪੁਰ ਆਇਆਂ ਅਜੇ ਸਿਰਫ਼ ਦੋ ਮਹੀਨੇ ਹੀ ਹੋਏ ਸਨ) ਰੋਪੜ ਦੇ ਨਵਾਬ ਨੇ ਆਪਣੇ ਭਤੀਜੇ ਮੁਹੰਮਦ ਬੇਗ ਦੀ ਅਗਵਾਈ ਵਿਚ ਇਕ ਵੱਡੀ ਫ਼ੌਜ ਨੂੰ ਹੰਡੂਰੀ ਰਿਆਸਤ 'ਤੇ ਹਮਲਾ ਕਰਨ ਵਾਸਤੇ ਭੇਜ ਦਿੱਤਾ। ਹੰਡੂਰ ਦੇ ਰਾਜੇ ਹਿਮਤ ਚੰਦ ਨੇ ਗੁਰੂ ਸਾਹਿਬ ਤੋਂ ਮਦਦ ਲੈਣ ਵਾਸਤੇ ਆਪਣਾ ਵਜ਼ੀਰ ਭੇਜਿਆ। ਗੁਰੂ ਸਾਹਿਬ ਨੇ ਆਪਣੇ ਬੇਟੇ (ਬਾਬਾ) ਗੁਰਦਿੱਤਾ ਦੀ ਅਗਵਾਈ ਵਿਚ 100 ਸਿੱਖਾਂ ਦਾ ਇਕ ਜੱਥਾ ਹੰਡੂਰੀ ਫ਼ੌਜਾਂ ਦੀ ਮਦਦ ਵਾਸਤੇ ਭੇਜਿਆ। ਰੋਪੜ ਦੇ ਨਵਾਬ ਦੀਆਂ ਫ਼ੌਜਾਂ ਦੀ ਹੰਡੂਰੀ ਤੇ ਸਿੱਖ ਫ਼ੌਜਾਂ ਨਾਲ ਨੰਗਲ ਗੁਜਰਾਂ (ਹੁਣ ਨੰਗਲ ਸਰਸਾ) ਪਿੰਡ ਵਿਚ ਸਰਸਾ ਨਦੀ ਦੇ ਇਸ ਪਾਰ ਕੰਢੇ 'ਤੇ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿਚ ਰੋਪੜ ਦੀਆਂ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ। ਉਨ੍ਹਾਂ ਦੇ ਕਈ ਫ਼ੌਜੀ ਮਾਰੇ ਗਏ। ਉਨ੍ਹਾਂ ਦਾ ਕਮਾਂਡਰ ਮੁਹੰਮਦ ਬੇਗ ਖ਼ੁਦ ਵੀ ਜ਼ਖ਼ਮੀ ਹੋ ਗਿਆ। ਇਸ ਮਗਰੋਂ ਰੋਪੜੀ ਫ਼ੌਜਾਂ ਸਰਸਾ ਨਦੀ ਪਾਰ ਕਰ ਕੇ ਹਿਰਨ ਹੋ ਗਈਆਂ। ਸਿੱਖ ਫ਼ੌਜਾਂ ਨੇ ਉਸ ਦਾ ਪਿੱਛਾ ਮਲਕਪੁਰ ਰੰਘੜਾਂ ਪਿੰਡ ਤਕ ਕੀਤਾ। ਇਸ ਲੜਾਈ ਦਾ ਜ਼ਿਕਰ *ਭੱਟ ਵਹੀ ਤਲਉਂਢਾ* ਵਿਚ ਇੰਝ ਮਿਲਦਾ ਹੈ:

> "ਬਾਬਾ ਗੁਰਦਿਤਾ ਬੇਟਾ ਗੁਰੂ ਹਰਿਗੋਬਿੰਦ ਜੀ, ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਜੀ ਕਾ, ਪੜਪੋਤਾ ਗੁਰੂ ਰਾਮਦਾਸ ਜੀ ਕਾ, ਬੰਸ ਬਾਬਾ ਹਰਿਦਾਸ ਜੀ ਕਾ, ਸੂਰਜ ਬੰਸੀ ਗੋਸਲ ਗੋਤਰਾ ਸੋਢੀ ਖਤਰੀ, ਬਾਸੀ

ਕੀਰਤਪੁਰ, ਪਰਗਨਾ ਕਹਿਲੂਰ, ਗੁਰੂ ਜੀ ਦਾ ਬਚਨ ਪਾਇ ਕੀਰਤਪੁਰ ਸੇ ਏਕ ਸਦ ਸਿੱਖਾਂ ਕੋ ਗੈਲ ਲੈ ਰਾਜਾ ਹਿੰਮਤ ਚੰਦ ਹੰਡੂਰੀ ਕੀ ਇਮਦਾਦ ਕਰਨੇ ਸਰਸਾ ਨਦੀ ਕੇ ਤਟ ਪਰ ਆਇਆ।

ਸੰਮਤ ਸੋਲਾਂ ਸੈ ਬਾਨਮੇਂ, ਸਾਵਨ ਮਾਸ ਕੀ ਸੰਕਰਾਂਤ ਕੇ ਦਿਹੁੰ ਨੰਗਲ ਗੁਜਰਾਂ ਕੇ ਮਲਾਨ, ਤੀਜੇ ਪਹਿਰ, ਨਵਾਬ ਨਾਸਰ ਅਲੀ ਖ਼ਾਨ ਚੌਧਰੀ ਕੇ ਭਤੀਜੇ ਮੁਹੰਮਦ ਬੇਗ ਕੇ ਸਾਥ ਘੋਰ ਜੁਧ ਹੂਆ, ਕਾਈ ਦਕੀਕਾ ਬਾਕੀ ਨਾ ਰਹਾ। ਮੁਹੰਮਦ ਬੇਗ ਬੰਦੇ ਮਰਵਾਇ, ਘਾਇਲ ਹੋਇ ਭਾਗ ਕੇ ਰੋਪਰ ਮੇਂ ਆਇ ਗਿਆ। ਬਾਬਾ ਗੁਰਦਿਤਾ ਜੀ ਜੀਤ ਕਾ ਡੰਕਾ ਬਜਾਤੇ ਕੀਰਤਪੁਰ ਮੇਂ ਜਾਇ ਪਹੁੰਚੇ।"

(ਭੱਟ ਵਹੀ ਤਲਉਂਢਾ, ਪਰਗਣਾ ਜੀਂਦ)

ਰੋਪੜ ਦੇ ਨਵਾਬ ਨੇ ਹਥਿਆਰ ਸੁੱਟੇ

ਜਦੋਂ ਮੁਹੰਮਦ ਬੇਗ ਹਾਰ ਖਾ ਕੇ ਤੇ ਨੁਕਸਾਨ ਕਰਵਾ ਕੇ ਰੋਪੜ ਪੁੱਜਾ ਤਾਂ ਰੋਪੜ ਦਾ ਨਵਾਬ ਨਾਸਰ ਅਲੀ ਖ਼ਾਨ ਬੜਾ ਗ਼ੁੱਸੇ ਵਿਚ ਆਇਆ। ਉਸ ਨੇ ਆਪਣੇ ਸਾਰੇ ਮੁਨਸ਼ੀ, ਮੁਸੱਦੀ ਤੇ ਹੋਰ ਅਹਿਲਕਾਰ ਇਕੱਠੇ ਕੀਤੇ ਤੇ ਅਗਲੀ ਕਾਰਵਾਈ ਬਾਰੇ ਵਿਚਾਰ ਕੀਤੀ। ਇਸ ਬੈਠਕ ਵਿਚ ਹਾਜ਼ਰ ਸਾਰਿਆਂ ਦੀ ਸਾਂਝੀ ਰਾਏ ਸੀ ਕਿ ਜਦੋਂ ਤਕ ਗੁਰੂ ਹਰਿਗੋਬਿੰਦ ਸਾਹਿਬ ਪਹਾੜੀ ਰਾਜਿਆਂ ਦੀ ਸਰਪ੍ਰਸਤੀ ਕਰਦੇ ਹਨ, ਉਨ੍ਹਾਂ ਨਾਲ ਟੱਕਰ ਨਹੀਂ ਲੈਣੀ ਚਾਹੀਦੀ। ਸਾਰਿਆਂ ਨੇ ਨਵਾਬ ਰੋਪੜ ਨੂੰ ਗੁਰੂ ਸਾਹਿਬ ਨਾਲ ਸੁਖਾਵੇਂ ਸਬੰਧ ਬਣਾਉਣ ਦਾ ਮਸ਼ਵਰਾ ਦਿੱਤਾ। ਇਸ 'ਤੇ ਨਾਸਰ ਅਲੀ ਖ਼ਾਨ ਨੇ ਕੋਟ ਪਠਾਣਾਂ ਦੇ ਮੁਖੀ ਸਰਦਾਰ ਸ਼ਮਸ ਖ਼ਾਨ ਨੂੰ ਆਪਣਾ ਸਫ਼ੀਰ ਬਣਾ ਕੇ ਗੁਰੂ ਸਾਹਿਬ ਕੋਲ ਕੀਰਤਪੁਰ ਭੇਜਿਆ। ਨਵਾਬ ਨੇ ਗੁਰੂ ਸਾਹਿਬ ਵਾਸਤੇ ਕਈ ਤੋਹਫ਼ੇ ਅਤੇ ਨਜ਼ਰਾਨਾ ਵੀ ਭੇਜਿਆ। ਗੁਰੂ ਸਾਹਿਬ ਨੇ ਸਰਦਾਰ ਸ਼ਮਸ ਖ਼ਾਨ ਦੀ ਗੱਲ ਬੜੇ ਧਿਆਨ ਨਾਲ ਸੁਣੀ ਅਤੇ ਰੋਪੜ ਦੇ ਨਵਾਬ ਦੀ ਸਮਝੌਤੇ ਦੀ ਪੇਸ਼ਕਸ਼ ਕਬੂਲ ਕਰ ਲਈ। ਗੁਰੂ ਸਾਹਿਬ ਨੇ ਨਾਸਰ ਅਲੀ ਖ਼ਾਨ ਅਤੇ ਹਿੰਮਤ ਚੰਦ ਹੰਡੂਰੀਏ ਦਾ ਆਪਸ ਵਿਚ ਸਮਝੌਤਾ ਕਰਵਾ ਦਿੱਤਾ। ਦੋਹਾਂ ਨੇ ਵਾਅਦਾ ਕੀਤਾ ਕਿ ਉਹ ਇਕ ਦੂਜੇ ਦੀਆਂ ਹੱਦਾਂ ਦਾ ਸਨਮਾਨ ਕਰਨਗੇ ਅਤੇ ਇਕ ਦੂਜੇ ਦੀ ਰਿਆਸਤ ਵਿਚ ਕਦੇ ਦਖ਼ਲ ਨਹੀਂ ਦੇਣਗੇ।

ਇਸ ਸਮਝੌਤੇ ਮਗਰੋਂ ਨਵਾਬ ਰੋਪੜ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਉਸ ਦੇ ਮਹਿਮਾਨ ਬਣਨ। ਗੁਰੂ ਸਾਹਿਬ ਨੇ ਨਾਸਰ ਅਲੀ ਖ਼ਾਨ ਦੀ ਦਾਹਵਤ ਕਬੂਲ ਕਰ ਲਈ ਤੇ ਰੋਪੜ ਜਾਣ ਦਾ ਫ਼ੈਸਲਾ ਕੀਤਾ। ਗੁਰੂ ਜੀ 18 ਜੁਲਾਈ 1635 ਦੇ ਦਿਨ ਰੋਪੜ ਪੁੱਜੇ। ਨਾਸਰ ਅਲੀ ਖ਼ਾਨ ਨੇ ਗੁਰੂ ਜੀ ਦਾ ਸ਼ਾਹੀ ਇਸਤਕਬਾਲ ਕੀਤਾ। ਇਸ ਦਾਹਵਤ ਵਿਚ ਇਲਾਕੇ ਦੇ ਅਤੇ ਆਲੇ-ਦੁਆਲੇ ਦੇ ਬਹੁਤ ਸਾਰੇ ਮੋਹਤਬਰ ਤੇ ਸਿਰਕਰਦਾ ਸਿਆਸੀ ਆਗੂ ਅਤੇ ਜਗੀਰਦਾਰ ਸ਼ਾਮਿਲ ਹੋਏ। ਗੁਰੂ ਜੀ 18 ਜੁਲਾਈ ਦੀ ਰਾਤ ਰੋਪੜ ਦੇ ਨਵਾਬ ਦੇ ਮਹੱਲ ਵਿਚ ਹੀ ਰਹੇ।

ਅਗਲੇ ਦਿਨ 19 ਜੁਲਾਈ ਨੂੰ ਕੋਟ ਪਠਾਣਾਂ ਦਾ ਮੁਖੀ ਸਰਦਾਰ ਸ਼ਮਸ ਖ਼ਾਨ ਗੁਰੂ ਜੀ ਨੂੰ ਆਪਣੇ ਮਹੱਲ ਵਿਚ ਲੈ ਗਿਆ। ਨਵਾਬ ਦੀ ਬੇਗਮ ਤੇ ਬੇਟੇ ਨੇ ਗੁਰੂ ਜੀ ਦੀ ਖ਼ੂਬ ਖ਼ਿਦਮਤ ਕੀਤੀ। ਇਸ ਸਬੰਧੀ *ਭੱਟ ਵਹੀ ਤਲਉਂਢਾ* ਵਿਚ ਇਹ ਜ਼ਿਕਰ ਮਿਲਦਾ ਹੈ :

> "ਸ਼ਮਸ ਖ਼ਾਨ, ਬੇਟਾ ਸ਼ਮਸ਼ੇਰ ਖ਼ਾਨ ਕਾ, ਪੋਤਾ ਸੁਲਤਾਨ ਖ਼ਾਨ ਕਾ, ਪੜਪੋਤਾ ਮੁਹੰਮਦ ਇਸਹਾਕ ਖ਼ਾਨ ਕਾ, ਬੰਸ ਸੁਲੇਮਾਨ ਕੀ, ਬਾਸੀ ਕੋਟ ਪਠਾਣਾਂ, ਪਰਗਣਾ ਰੋਪੜ, ਸਾਲ ਸੋਲਾਂ ਸੈ ਬਾਨਮੇਂ, ਸਾਵਣ ਮਾਸ ਕੀ ਪੂਰਨਮਾ ਕੇ ਦਿਹੁੰ, ਗੁਰੂ ਕੋ ਗੈਲ ਲੈ ਆਪਣੇ ਗ੍ਰਿਹ ਮੇਂ ਆਇਆ। ਬੇਗਮ ਨੇ ਬੇਟੇ ਆਲਮ ਖ਼ਾਂ ਕੋ ਗੈਲ ਲੈ ਗੁਰੂ ਜੀ ਕੋ ਸਿਜਦਾ ਕੀਆ। ਗੁਰੂ ਜੀ ਦਾ ਕੋਟ ਪਠਾਣਾਂ ਮੇਂ ਆਨਾ ਸੁਣਿ ਚਾਰੋਂ ਦਿਸ਼ਾ ਕੀ ਸੰਗਤ ਦਰਸ਼ਨ ਪਾਨੇ ਹੁਮ ਹੁਮਾਇ ਕੇ ਆਈ। ਬੜਾ ਕੌਤੂਹਲ ਹੂਆ। ਗੁਰੂ ਜੀ ਨੇ ਸਭਸ ਕੀ ਮਨੋਕਾਮਨਾ ਪੂਰਨ ਕੀ।" *(ਭੱਟ ਵਹੀ ਤੁਲਉਂਢਾ, ਪਰਗਣਾ ਜੀਂਦ)*

ਗੁਰੂ ਜੀ ਦੋ ਦਿਨ ਕੋਟ ਪਠਾਣਾਂ ਵਿਚ ਰਹੇ ਤੇ 21 ਜੁਲਾਈ 1635 ਦੇ ਦਿਨ ਉਥੋਂ ਚੱਲ ਪਏ। ਇਸ ਦੌਰਾਨ ਗੁਰੂ ਸਾਹਿਬ ਕੋਟ ਪਠਾਣਾਂ ਦੇ ਨੇੜੇ ਇਕ ਪਿੰਡ ਲਖਮੀਪੁਰ ਵੀ ਗਏ। ਇਥੋਂ ਦੀ ਇਕ ਬਿਰਧ ਬ੍ਰਾਹਮਣੀ ਲਛਮੀ ਗੁਰੂ ਘਰ ਨਾਲ ਬਹੁਤ ਪਿਆਰ ਰੱਖਦੀ ਸੀ। ਉਹ ਅਕਸਰ ਖੱਦਰ ਬੁਣ ਕੇ ਗੁਰੂ ਦਰਬਾਰ ਵਿਚ ਹਾਜ਼ਿਰ ਹੋਇਆ ਕਰਦੀ ਸੀ, ਪਰ ਹੁਣ ਵਧੇਰੇ ਬਜ਼ੁਰਗ ਹੋਣ ਕਰ ਕੇ ਉਹ ਗੁਰੂ ਦਾ ਚੱਕ ਜਾਣੋਂ ਰਹਿ ਗਈ ਸੀ। ਗੁਰੂ ਹਰਿਗੋਬਿੰਦ ਸਾਹਿਬ, ਭਾਈ ਕੀਰਤੀਆ ਅਤੇ ਕੁਝ ਹੋਰ ਸਿੱਖਾਂ ਨੂੰ ਨਾਲ ਲੈ ਕੇ ਮਾਤਾ ਲਛਮੀ ਦੇ ਘਰ ਗਏ। ਮਾਤਾ ਲਛਮੀ ਨੇ ਗੁਰੂ ਸਾਹਿਬ ਵਾਸਤੇ ਪਿਆਰ ਨਾਲ ਖਿਚੜੀ ਤਿਆਰ ਕੀਤੀ। ਗੁਰੂ ਸਾਹਿਬ ਨੇ ਦੁਪਹਿਰ ਦਾ ਵਕਤ ਮਾਤਾ ਲਛਮੀ ਦੇ ਘਰ ਬਿਤਾਇਆ ਅਤੇ ਸ਼ਾਮ ਨੂੰ ਉਥੋਂ ਆ ਗਏ। ਮਾਤਾ ਲਛਮੀ ਨੇ ਗੁਰੂ ਸਾਹਿਬ ਨੂੰ ਆਪਣੀ ਹੱਥੀਂ ਤਿਆਰ ਕੀਤਾ ਖੱਦਰ ਅਤੇ ਪੰਜ ਰੁਪੈ ਭੇਟ ਕੀਤੇ।

ਭਾਈ ਗੁਰਦਾਸ ਦਾ ਚਲਾਣਾ

25 ਅਗਸਤ 1636 ਦੇ ਦਿਨ ਸਿੱਖ ਵਿਦਵਾਨ ਭਾਈ ਗੁਰਦਾਸ ਚੜ੍ਹਾਈ ਕਰ ਗਏ। ਇਨ੍ਹੀਂ ਦਿਨੀਂ ਗੁਰੂ ਹਰਿਗੋਬਿੰਦ ਸਾਹਿਬ ਗੋਇੰਦਵਾਲ ਆਏ ਹੋਏ ਸਨ। ਉਨ੍ਹਾਂ ਨੇ ਭਾਈ ਗੁਰਦਾਸ ਦਾ ਸੰਸਕਾਰ ਆਪਣੇ ਹੱਥੀਂ ਕੀਤਾ। ਕੁਝ ਦਿਨ ਮਗਰੋਂ ਗੁਰੂ ਸਾਹਿਬ ਫੇਰ ਕੀਰਤਪੁਰ ਵਾਪਿਸ ਪਰਤ ਆਏ।

ਰਾਜਾ ਕਲਿਆਣ ਚੰਦ ਦੀ ਮੌਤ

12 ਫ਼ਰਵਰੀ 1637 ਦੇ ਦਿਨ ਕਹਿਲੂਰ ਦੇ ਰਾਜੇ ਕਲਿਆਣ ਚੰਦ ਦੀ ਮੌਤ ਹੋ ਗਈ। ਉਸ ਦੀ ਸਤਾਰ੍ਹਵੀਂ ਦੀ ਰਸਮ ਪਹਿਲੀ ਮਾਰਚ ਦੇ ਦਿਨ ਅਦਾ ਕੀਤੀ ਗਈ। ਇਸ ਮੌਕੇ 'ਤੇ ਗੁਰੂ ਹਰਿਗੋਬਿੰਦ ਸਾਹਿਬ ਬਿਲਾਸਪੁਰ ਪੁੱਜੇ ਤੇ ਰਾਜੇ ਦੀ ਰੂਹ

ਦੀ ਸ਼ਾਂਤੀ ਵਾਸਤੇ ਅਰਦਾਸ ਕੀਤੀ। ਗੁਰੂ ਸਾਹਿਬ ਤਿੰਨ ਦਿਨ ਬਿਲਾਸਪੁਰ ਰਹੇ ਤੇ ਫਿਰ ਕੀਰਤਪੁਰ ਪਰਤ ਆਏ।

ਗੁਰੂ ਹਰਿ ਰਾਇ ਸਾਹਿਬ ਦਾ ਵਿਆਹ

ਕੀਰਤਪੁਰ ਸਾਹਿਬ ਵਿਚ ਰਹਿੰਦਿਆਂ ਗੁਜਰਾਂਵਾਲਾ ਜ਼ਿਲ੍ਹੇ ਦੇ ਅਨੂਪ ਨਗਰ ਦਾ ਭਾਈ ਦਇਆ ਰਾਮ ਸਿੱਲ੍ਹੀ ਇਕ ਦਿਨ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ। ਉਸ ਨੇ ਆਪਣੀ ਬੇਟੀ ਸੁਲੱਖਣੀ ਦੀ ਸ਼ਾਦੀ ਗੁਰੂ ਸਾਹਿਬ ਦੇ ਪੋਤੇ (ਗੁਰੂ) ਹਰਿ ਰਾਇ ਸਾਹਿਬ ਨਾਲ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ। ਗੁਰੂ ਸਾਹਿਬ ਨੇ ਬੜੀ ਖ਼ੁਸ਼ੀ ਨਾਲ ਇਹ ਰਿਸ਼ਤਾ ਕਬੂਲ ਕਰ ਲਿਆ। ਪਿੰਡ ਪਰਤਣ ਤੋਂ ਪਹਿਲਾਂ ਭਾਈ ਦਇਆ ਰਾਮ ਨੇ ਮੰਗਣੀ ਦੀ ਰਸਮ ਅਦਾ ਕਰ ਦਿੱਤੀ। ਇਹ ਗੱਲ 1637 ਦੀਆਂ ਗਰਮੀਆਂ ਦੀ ਹੈ। ਇਸ ਤੋਂ ਤਕਰੀਬਨ ਇਕ ਸਾਲ ਮਗਰੋਂ, 15 ਮਾਰਚ 1638 ਦੇ ਦਿਨ, (ਬਾਬਾ) ਗੁਰਦਿੱਤਾ ਚੜ੍ਹਾਈ ਕਰ ਗਿਆ। ਇਸ ਕਰ ਕੇ (ਗੁਰੂ) ਹਰਿ ਰਾਇ ਸਾਹਿਬ ਦੇ ਵਿਆਹ ਦੀ ਗੱਲ ਅੱਗੇ ਪੈ ਗਈ। ਦੋ ਕੁ ਸਾਲ ਮਗਰੋਂ ਭਾਈ ਦਇਆ ਰਾਮ ਫੇਰ ਕੀਰਤਪੁਰ ਆਇਆ। ਉਸ ਨੇ (ਗੁਰੂ) ਹਰਿ ਰਾਇ ਸਾਹਿਬ ਅਤੇ ਬੀਬੀ ਸੁਲੱਖਣੀ ਦੇ ਅਨੰਦ ਕਾਰਜ ਦੀ ਰਸਮ ਵਾਸਤੇ ਅਰਜ਼ ਕੀਤੀ। ਗੁਰੂ ਸਾਹਿਬ ਨੇ 14 ਜੂਨ 1640 ਦਾ ਦਿਨ ਵਿਆਹ ਵਾਸਤੇ ਨੀਅਤ ਕੀਤਾ। ਵਿਆਹ ਤੋਂ ਇਕ ਹਫ਼ਤਾ ਪਹਿਲਾਂ (ਗੁਰੂ) ਹਰਿ ਰਾਇ ਸਾਹਿਬ ਦੀ ਬਰਾਤ ਕੀਰਤਪੁਰ ਤੋਂ ਅਨੂਪ ਨਗਰ ਜਾਣ ਵਾਸਤੇ ਟੁਰ ਪਈ। ਜੰਞ ਵਿਚ ਗੁਰੂ ਸਾਹਿਬ ਦੇ ਤਿੰਨ ਬੇਟੇ, ਭਾਈ ਅਣੀ ਰਾਇ, ਬਾਬਾ ਸੂਰਜ ਮੱਲ ਤੇ (ਗੁਰੂ) ਤੇਗ਼ ਬਹਾਦਰ ਸਾਹਿਬ ਵੀ ਸ਼ਾਮਿਲ ਹੋਏ। ਬਰਾਤ ਸਤਲੁਜ, ਬਿਆਸ ਤੇ ਰਾਵੀ, ਤਿੰਨ ਦਰਿਆ ਪਾਰ ਕਰ ਕੇ, ਗੁਜਰਾਂਵਾਲੇ ਇਲਾਕੇ ਵਿਚ ਪੁੱਜੀ। ਭਾਈ ਦਇਆ ਰਾਮ ਸਿੱਲ੍ਹੀ ਨੇ ਬਰਾਤ ਨੂੰ ਸ਼ਾਹਾਨਾ 'ਜੀ ਆਇਆਂ' ਆਖਿਆ। (ਗੁਰੂ) ਹਰਿ ਰਾਇ ਸਾਹਿਬ ਦੇ ਵਿਆਹ ਦੀ ਰਸਮ ਪੂਰੀ ਕਰਨ ਮਗਰੋਂ ਬਰਾਤ ਡੋਲੀ ਲੈ ਕੇ 16 ਜੂਨ 1640 ਨੂੰ ਕੀਰਤਪੁਰ ਨੂੰ ਵਾਪਿਸ ਚੱਲ ਪਈ। ਕੀਰਤਪੁਰ ਵਿਚ ਮਾਤਾ ਬੱਸੀ (ਪਤਨੀ ਬਾਬਾ ਗੁਰਦਿੱਤਾ ਜੀ) ਅਤੇ ਬਾਕੀ ਸਾਰੇ ਗੁਰੂ ਪਰਿਵਾਰ ਨੇ ਬੜੇ ਚਾਅ ਨਾਲ ਬੀਬੀ ਸੁਲੱਖਣੀ ਨੂੰ ਜੀ ਆਇਆਂ ਆਖਿਆ। ਬੀਬੀ ਸੁਲੱਖਣੀ ਪੰਜ ਦਿਨ ਕੀਰਤਪੁਰ ਵਿਚ ਰਹੀ ਅਤੇ ਫਿਰ ਵਾਪਿਸ ਅਨੂਪ ਨਗਰ ਚਲੀ ਗਈ।

ਕੁਝ ਮਹੀਨੇ ਅਨੂਪ ਨਗਰ ਰਹਿਣ ਪਿੱਛੋਂ ਭਾਈ ਦਇਆ ਰਾਮ ਸਿੱਲ੍ਹੀ ਵੀ ਪਰਿਵਾਰ ਸਣੇ ਅਨੂਪ ਨਗਰ ਨੂੰ ਛੱਡ ਕੇ ਕੀਰਤਪੁਰ ਦੇ ਨਾਲ ਦੇ ਪਿੰਡ ਕਲਿਆਣਪੁਰ ਵਿਚ ਰਹਿਣ ਲੱਗ ਪਿਆ। ਇਥੋਂ ਬੀਬੀ ਸੁਲੱਖਣੀ ਦਾ ਮੁਕਲਾਵਾ 20 ਜੂਨ 1642 ਦੇ ਦਿਨ ਟੋਰਿਆ ਗਿਆ।

ਕੀਰਤਪੁਰ ਦੀ ਪਨਾਹ ਵਿਚ ਰਾਜਪੂਤ ਰਾਜੇ

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਵਿਚ ਰਹਿਣਾ ਸ਼ੁਰੂ ਕੀਤਾ, ਉਦੋਂ ਸ਼ਾਹਜਹਾਨ ਨੇ ਭਾਰਤ ਦੇ ਕਈ ਹਿੱਸਿਆਂ ਵਿਚ, ਅਤੇ ਖ਼ਾਸ ਕਰ ਕੇ ਰਾਜਪੂਤਾਨਾ ਵਿਚ, ਇਲਾਕੇ ਮੱਲਣੇ ਸ਼ੁਰੂ ਕੀਤੇ ਹੋਏ ਸਨ। ਉਸ ਦੀ ਤਾਕਤ ਤੋਂ ਡਰ ਕੇ ਕਈ ਰਾਜਿਆਂ ਨੇ ਉਸ ਦੀ ਈਨ ਮੰਨ ਲਈ ਹੋਈ ਸੀ, ਪਰ ਕਈ ਅਣਖੀਲੇ ਰਾਜੇ ਉਸ ਅੱਗੇ ਸਿਰ ਝੁਕਾਉਣ ਵਾਸਤੇ ਤਿਆਰ ਨਹੀਂ ਸਨ। ਇੰਝ ਹੀ ਕਈ ਰਾਜਪੂਤ ਰਾਜੇ ਜ਼ਾਲਮ ਮੁਗ਼ਲ ਹਾਕਮਾਂ ਤੇ ਅਹਿਲਕਾਰਾਂ ਦੇ ਜ਼ੁਲਮ ਦੇ ਖ਼ਿਲਾਫ਼ ਡੱਟ ਕੇ ਲੜ ਰਹੇ ਸਨ। ਇਨ੍ਹਾਂ ਵਿੱਚੋਂ ਕਈ ਹੰਭ ਜਾਣ ਮਗਰੋਂ, ਅਤੇ ਕਈ ਤਾਕਤ ਕਮਜ਼ੋਰ ਹੋਣ ਕਰ ਕੇ ਜਾਂ ਬਾਗ਼ੀ ਹੋ ਕੇ, ਆਪਣਾ ਵਤਨ ਛੱਡਣ 'ਤੇ ਮਜਬੂਰ ਹੋ ਚੁੱਕੇ ਸਨ। ਇਨ੍ਹਾਂ ਬਾਗ਼ੀ ਰਾਜਿਆਂ, ਜ਼ਿਮੀਂਦਾਰਾਂ ਅਤੇ ਸਿਰਕਰਦਾ ਰਾਜਪੂਤਾਂ ਵਿਚ ਬਹੁਤ ਸਾਰਿਆਂ ਨੇ ਕੀਰਤਪੁਰ ਸਾਹਿਬ ਵਿਚ ਗੁਰੂ ਹਰਿਗੋਬਿੰਦ ਸਾਹਿਬ ਕੋਲ ਪਨਾਹ ਲਈ ਹੋਈ ਸੀ। ਇਕ ਸੋਮੇ ਮੁਤਾਬਿਕ ਜੈਸਲਮੇਰ ਦੇ ਰਾਜਾ ਰਾਮ ਪ੍ਰਤਾਪ ਸਿੰਹੁ, ਉਸ ਦੇ ਪੁੱਤਰ ਰਾਜਾ ਰਾਮ ਸਿੰਹੁ, ਭਟਨੇਰ ਦੇ ਰਾਜਾ ਸੰਗਰਾਮ ਸਿੰਹੁ, ਰਾਜਾ ਮੰਗਲ ਸ਼ਾਹ (ਪੋਤਾ ਹੇਮੂ) ਤੋਂ ਇਲਾਵਾ ਖ਼ਵਾਜਾ ਸਰਾਇ ਅਤੇ ਅਲਾ ਯਾਰ ਖ਼ਾਂ ਵਹਜਾਰੀ ਨੇ ਵੀ ਗੁਰੂ ਸਾਹਿਬ ਕੋਲ ਪਨਾਹ ਲਈ ਹੋਈ ਸੀ। ਗੁਰੂ ਸਾਹਿਬ ਦਾ ਦਰਬਾਰ ਨਿਥਾਂਵਿਆਂ ਦੀ ਥਾਂ ਤੇ ਨਿਆਰਿਆਂ ਦਾ ਆਸਰਾ ਸੀ। ਗੁਰੂ ਸਾਹਿਬ ਦੀ ਰਿਆਸਤ ਅਜਿਹੇ ਅਣਖੀਲੇ, ਪਰ ਨਿਮਾਣੇ, ਲੋਕਾਂ ਦੀ ਪਨਾਹਗਾਹ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਕੀਰਤਪੁਰ ਵਿਚ ਪਨਾਹ ਲੈਣ ਵਾਲਿਆਂ ਵਿਚ ਸਿਰਫ਼ ਹਿੰਦੂ ਹੀ ਨਹੀਂ, ਬਲਕਿ ਮੁਸਲਮਾਨ ਵੀ ਸ਼ਾਮਿਲ ਸਨ। ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਗੁਰੂ ਨਾਨਕ ਦੇ ਘਰ ਵਿਚ ਹਿੰਦੂ ਤੇ ਮੁਸਲਮਾਨ ਦਾ ਕੋਈ ਫ਼ਰਕ ਨਹੀਂ ਸੀ ਤੇ ਨਾ ਹੀ ਗੁਰੂ ਸਾਹਿਬ ਇਸਲਾਮ ਜਾਂ ਮੁਸਲਮਾਨਾਂ ਦੇ ਖ਼ਿਲਾਫ਼ ਜੂਝ ਰਹੇ ਸਨ। ਗੁਰੂ ਸਾਹਿਬ ਦੀ ਲੜਾਈ ਸਿਰਫ਼ ਜ਼ੁਲਮ, ਬੇਇਨਸਾਫ਼ੀ ਤੇ ਬਦੀ ਦੇ ਖ਼ਿਲਾਫ਼ ਸੀ।

ਭਾਈ ਬਿਧੀ ਚੰਦ ਦਾ ਚਲਾਣਾ

ਭਾਈ ਬਿਧੀ ਚੰਦ ਗੁਰੂ ਹਰਿਗੋਬਿੰਦ ਸਾਹਿਬ ਦੇ ਖ਼ਾਸ ਜਰਨੈਲਾਂ ਵਿੱਚੋਂ ਇਕ ਸੀ। ਉਹ ਹਮੇਸ਼ਾ ਗੁਰੂ ਸਾਹਿਬ ਦੇ ਅੰਗ-ਸੰਗ ਹੀ ਰਿਹਾ ਕਰਦਾ ਸੀ। ਜਦੋਂ ਗੁਰੂ ਸਾਹਿਬ ਕੀਰਤਪੁਰ ਰਹਿਣ ਲੱਗ ਪਏ ਤਾਂ ਬਿਧੀਚੰਦ ਵੀ ਉਥੇ ਹੀ ਆ ਗਿਆ।

ਭਾਈ ਬਿਧੀ ਚੰਦ ਦਾ ਇਕ ਦੋਸਤ ਸੁੰਦਰ ਸ਼ਾਹ ਸੀ, ਜੋ ਪਿੰਡ ਦੇਵ ਨਗਰ ਦਾ ਵਾਸੀ ਸੀ। ਦੋਹਾਂ ਵਿਚ ਏਨੀ ਦੋਸਤੀ ਸੀ ਕਿ ਉਨ੍ਹਾਂ ਨੇ ਵਾਅਦਾ ਕੀਤਾ ਹੋਇਆ ਸੀ ਕਿ ਉਹ ਜ਼ਿੰਦਗੀ ਦੇ ਆਖ਼ਰੀ ਦਿਨ ਇਕੱਠਿਆਂ ਹੀ ਗੁਜ਼ਾਰਨਗੇ। ਸਤੰਬਰ 1640 ਵਿਚ ਭਾਈ ਬਿਧੀ ਚੰਦ ਨੂੰ ਇਲਹਾਮ ਹੋ ਗਿਆ ਸੀ ਕਿ ਹੁਣ ਉਸ ਦੇ ਸਾਹ ਮੁੱਕਣ ਵਾਲੇ ਹਨ, ਇਸ ਕਰਕੇ ਉਸ ਨੇ ਕੀਰਤਪੁਰ ਤੋਂ ਦੇਵ ਨਗਰ ਜਾਣ ਦਾ ਫ਼ੈਸਲਾ ਕੀਤਾ। ਉਸ ਵੇਲੇ ਭਾਈ ਬਿਧੀ ਚੰਦ ਦੇ ਨਾਲ ਉਸ ਦਾ ਬੇਟਾ ਭਾਈ ਲਾਲ ਚੰਦ ਵੀ ਸੀ। ਉਹ ਲਾਲ ਚੰਦ ਨੂੰ ਨਾਲ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਕੋਲ ਗਿਆ ਅਤੇ ਉਸ ਦੀ ਬਾਂਹ ਗੁਰੂ ਸਾਹਿਬ ਨੂੰ ਫੜਾ ਕੇ ਆਪ ਦੇਵ ਨਗਰ ਜਾਣ ਦੀ ਇਜਾਜ਼ਤ ਮੰਗ ਲਈ। ਇਸ ਦਾ ਜ਼ਿਕਰ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਦਾ ਲੇਖਕ ਇੰਝ ਕਰਦਾ ਹੈ:

> ਬਿਧੀ ਚੰਦ ਨਿਜ ਅੰਤ ਪਛਾਨਾ। ਕੁਛ ਦਿਨ ਰਹੇ ਕਜੋ ਅਨੁਮਾਨਾ ॥479॥
> ਸੁੰਦਰ ਸ਼ਾਹ ਕੀ ਪ੍ਰੀਤਿ ਵਿਚਾਰ। ਪਾਛੇ ਕਰਿ ਆਯੋ ਤਕਰਾਰ।
> ਸੋ ਵਿਚਾਰਿ ਢਿਗ ਪ੍ਰਭ ਕੇ ਆਯੋ। ਪਦਪੰਕਜ ਗੁਰ ਕੇ ਲਪਟਾਯੋ ॥480॥
> ਕੀ ਨ ਬਿਨੈ ਪ੍ਰਭ ਜਾਨੀ ਬਾਤਾ। ਅਬ ਗੁਰ ਧਾਮ ਬਿਧੀ ਸਸਿ ਜਾਤਾ।
> ਪ੍ਰੇਮੀ ਜਾਨਿ ਸ੍ਰੀ ਮੁਖ ਕਹਾ। ਤੋਹ ਮੋਹ ਮੈ ਭੇਦੁ ਨ ਲਹਾ ॥481॥
> ਸੁੰਦਰ ਸ਼ਾਹ ਚਿਤਾਰ ਤਵ ਚਲੋ ਤਾਹਿ ਕੇ ਪਾਸਿ।
> ਤਿਹ ਯੁਤ ਪ੍ਰਾਨ ਤਿਆਗ ਕੈ ਗੁਰ ਗ੍ਰਿਹਿ ਜਾਹ ਹੁਲਾਸ ॥482॥
> ਬਿਧੀ ਚੰਦ ਨਿਜ ਪੁਤ੍ਰ ਬੁਲਾਯੋ। ਲਾਲ ਚੰਦ ਤਬ ਹੀ ਨਿਕਟਾਯੋ।
> ਪ੍ਰਭ ਸੌਂ ਤਾ ਕੀ ਬਾਂਹ ਗਹਾਈ। ਤਾ ਕੋ ਐਸੇ ਕਹਿ ਸਮਝਾਈ ॥483॥
> ਹੇ ਸੁਤ ਗੁਰ ਕੀ ਸੇਵਾ ਕੀਜੇ। ਅਹਿਨਿਸਿ ਪ੍ਰਭ ਕੈ ਨਿਕਟਿ ਰਹੀਜੇ।
> ਐਸੇ ਕਹਿ ਪੁਨਿ ਪਗ ਲਪਟਾਨਾ। ਲੀਯੋ ਅੰਕਿ ਪ੍ਰਭ ਕ੍ਰਿਪਾ ਨਿਧਾਨਾ ॥484॥...
> ਬਿਧੀ ਚੰਦ ਸੁਖ ਪਾਇ ਬਹੁ ਮਨ ਮੈ ਅਨੰਦ ਧਾਰਿ।
> ਸਾਹਿਬ ਭਾਨੇ ਆਦਿ ਜੋ ਸਭ ਕੋ ਬੰਦਨ ਕੀਨ।
> ਬਿਧੀ ਚੰਦ ਪਯਾਨਾ ਕੀਯੋ ਗੁਰ ਪਗ ਰਜ ਚਿਤ ਚੀਨ ॥488॥

ਭਾਈ ਬਿਧੀ ਚੰਦ ਅਗਸਤ 1640 ਦੇ ਸ਼ੁਰੂ ਵਿਚ ਦੇਵ ਨਗਰ ਚਲਾ ਗਿਆ। ਉਥੇ ਪੁੱਜਣ ਤੋਂ ਤਿੰਨ ਦਿਨ ਮਗਰੋਂ ਭਾਈ ਬਿਧੀ ਚੰਦ ਤੇ ਭਾਈ ਸੁੰਦਰ ਸ਼ਾਹ ਇੱਕੋ ਦਿਨ ਚੜ੍ਹਾਈ ਕਰ ਕੇ ਆਪਣੀ ਦੋਸਤੀ ਨਿਭਾਅ ਗਏ।

ਭਾਈ ਬਾਬਕ ਦੀ ਮੌਤ

ਭਾਈ ਬਿਧੀ ਚੰਦ ਦੇ ਕੀਰਤਪੁਰ ਸਾਹਿਬ ਤੋਂ ਟੁਰ ਜਾਣ ਮਗਰੋਂ ਗੁਰੂ ਘਰ ਦਾ ਢਾਡੀ ਭਾਈ ਬਾਬਕ ਵੀ ਬਹੁਤੀ ਦੇਰ ਨਾ ਕੱਢ ਸਕਿਆ। ਉਹ ਵੀ ਦੋ ਮਹੀਨੇ ਮਗਰੋਂ, ਅਕਤੂਬਰ 1640 ਵਿਚ, ਚੜ੍ਹਾਈ ਕਰ ਗਿਆ। ਚੜ੍ਹਾਈ ਕਰਨ ਤੋਂ ਪਹਿਲਾਂ ਉਸ ਨੇ ਆਪਣੇ ਚੌਹਾਂ ਪੁੱਤਰਾਂ ਦੀ ਬਾਂਹ ਗੁਰੂ ਸਾਹਿਬ ਦੇ ਹੱਥ ਫੜਾ ਦਿੱਤੀ। ਬਾਬਕ ਢਾਡੀ ਦੀ ਕਬਰ ਦਰਿਆ ਸਤਲੁਜ ਦੇ ਕੰਢੇ 'ਤੇ ਬਣਾਈ ਗਈ। ਬਾਬਕ ਦੇ ਮਰਨ 'ਤੇ ਉਸ ਦੀ ਬੀਵੀ ਨੇ ਬੜਾ ਸ਼ੋਕ ਕੀਤਾ। ਗੁਰੂ ਸਾਹਿਬ ਨੇ ਉਸ ਨੂੰ ਹੌਸਲਾ ਦਿੱਤਾ ਤੇ ਉਸ

ਦੇ ਵੱਡੇ ਬੇਟੇ ਨੂੰ ਦਰਬਾਰ ਦਾ ਢਾਢੀ ਵੀ ਬਣਾ ਦਿੱਤਾ। ਇਸ ਦਾ ਜ਼ਿਕਰ *ਗੁਰਬਿਲਾਸ ਪਾਤਿਸਾਹੀ ਛੇਵੀਂ* ਦਾ ਲੇਖਕ ਇੰਝ ਕਰਦਾ ਹੈ:

ਭਾਦ੍ਰੋਂ ਅੱਸੂ ਬੀਤ ਤਬ ਆਯੋ ਕਤਿਕ ਮਾਸ।
ਬਾਬਕ ਤਜੇ ਪ੍ਰਾਨ ਜਿਸ ਸੁਨੀਯੋ ਸੰਤ ਬਿਲਾਸ॥514॥...
ਨਿਜ ਸੁਤ ਸੌਂਪ ਤਜੋ ਨਿਜ ਪ੍ਰਾਨਾ। ਤੋਹਿ ਬੁਲਾਵਾ ਕ੍ਰਿਪਾ ਨਿਧਾਨਾ॥517॥
ਬਾਬਕ ਪਿਖ ਨਿਜ ਮੌਲ ਝੁਕਾਯੋ। ਛਠਮ ਗੁਰੂ ਕਾ ਦਰਸ਼ਨ ਪਾਯੋ।
ਚਾਰਿ ਪੁਤ੍ਰ ਨਿਜ ਗੁਰ ਸੌਂਪਾਏ। ਕਰਿ ਬਿਨਤੀ ਪੁਨਿ ਧਯਾਨੁ ਧਰਾਏ॥518॥
ਕਰਿ ਬੰਦਨ ਤਜਿ ਪ੍ਰਾਨ ਕੋ ਸਨਮੁਖ ਦੀਨ ਦਯਾਲ।
ਭਗਤ ਸਿੰਘ ਤਿਹ ਸਮ ਨਹੀਂ ਐਸੋ ਪਿੱਖ ਜਗ ਆਲ॥519॥...
ਅਬਦੁਲ ਨੱਥੋ ਕ੍ਰਿਤ ਸਵਾਰੀ। ਬਾਬਕ ਸੂਤ ਸੌਂ ਮਿਲਿ ਹਿਤਕਾਰੀ।
ਕਬਰ ਬਨਾਇ ਰੀਤਿ ਸਭ ਕੀਨੀ। ਤੀਰ ਸਤਦ੍ਰਵ ਬਹੁ ਸੁਖ ਲੀਨੀ॥521॥
ਬਾਬਕ ਨਾਰਿ ਸੋਕ ਬਡ ਕੀਨੋ। ਦਯਾ ਸਿੰਧੁ ਬਹੁ ਧੀਰਜ ਦੀਨੋ।
ਕਰੋ ਨ ਚਿੰਤ ਪੁਤ੍ਰ ਤੁਮ ਚਾਰਿ। ਕਰਿ ਹੈ ਏਹੁ ਤੁਮਰੀ ਪ੍ਰਤਿਪਾਰ॥522॥

ਜਾਤੀ ਮੱਲ/ਮਲਕ ਦੀ ਮੌਤ

ਗੋਇੰਦਵਾਲ, ਗੁਰੂ ਦਾ ਚੱਕ (ਅੰਮ੍ਰਿਤਸਰ), ਕਰਤਾਰਪੁਰ ਅਤੇ ਹੁਣ ਕੀਰਤਪੁਰ ਸਾਹਿਬ ਵਿਚ ਗੁਰੂ ਸਾਹਿਬ ਕੋਲ ਕੁਝ ਸਿੱਖ ਗੁਰੂ ਘਰ ਦਾ ਹਿੱਸਾ ਬਣ ਕੇ ਹੀ ਰਹਿੰਦੇ ਰਹੇ ਸਨ। ਇਨ੍ਹਾਂ ਵਿਚ ਭਾਈ ਬਿਧੀ ਚੰਦ ਤੋਂ ਇਲਾਵਾ, ਭਾਈ ਸਿੰਘਾ ਪੁਰੋਹਿਤ ਦਾ ਪੁੱਤਰ ਜਾਤੀ ਮੱਲ ਵੀ ਸਨ। ਇੰਝ ਹੀ ਭਾਈ ਬਾਬਕ ਢਾਢੀ, ਭਾਈ ਭਾਨਾ, ਭਾਈ ਝੰਡਾ (ਭਾਈ ਸਰਵਨ ਦਾ ਪੁੱਤਰ, ਭਾਈ ਭਾਨੇ ਦਾ ਪੋਤਾ ਤੇ ਬਾਬਾ ਬੁੱਢਾ ਦਾ ਪੜਪੋਤਾ), ਭਾਈ ਸਾਧੂ ਅਤੇ ਕਈ ਹੋਰ ਸਨ।

ਭਾਈ ਜਾਤੀ ਮੱਲ ਆਪਣੇ ਪਿਤਾ ਸ਼ਹੀਦ ਭਾਈ ਸਿੰਘਾ (ਸ਼ਹੀਦੀ 13 ਅਪਰੈਲ 1634, ਗੁਰੂ ਦਾ ਚੱਕ) ਵਾਂਗ ਬੜਾ ਬਹਾਦਰ ਸੀ। ਉਸ ਨੇ ਅੰਮ੍ਰਿਤਸਰ, ਮਹਿਰਾਜ ਤੇ ਕਰਤਾਰਪੁਰ ਦੀਆਂ ਲੜਾਈਆਂ ਵਿਚ ਬਹਾਦਰੀ ਦੇ ਖ਼ੂਬ ਜੌਹਰ ਦਿਖਾਏ ਸਨ। ਭਾਈ ਜਾਤੀ ਮੱਲ ਬ੍ਰਾਹਮਣ ਪਰਿਵਾਰ ਵਿੱਚੋਂ ਸਨ ਤੇ ਆਪ ਕਈ ਪਰਿਵਾਰਾਂ ਦੇ ਪੁਰੋਹਿਤ ਵੀ ਸਨ। ਇਸ ਕਰ ਕੇ ਆਪ ਨੂੰ ਪੁਰੋਹਿਤ ਪਰਿਵਾਰ ਆਖ ਕੇ ਵੀ ਚੇਤੇ ਕੀਤਾ ਜਾਂਦਾ ਸੀ। ਜਦੋਂ ਭਾਈ ਜਾਤੀ ਮੱਲ ਕਾਫ਼ੀ ਬਜ਼ੁਰਗ ਹੋ ਗਿਆ ਅਤੇ ਉਸ ਨੂੰ ਆਪਣੇ ਸਾਹ ਪੂਰੇ ਹੁੰਦੇ ਨਜ਼ਰ ਆਏ ਤਾਂ ਉਹ ਆਪਣੇ ਇੱਕੋ-ਇਕ ਬੇਟੇ ਦਯਾ ਰਾਮ (ਪੁਰੋਹਿਤ) ਨੂੰ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਦੇ ਕੋਲ ਆਇਆ। ਉਸ ਨੇ ਦਯਾ ਰਾਮ ਦੀ ਬਾਂਹ ਗੁਰੂ ਸਾਹਿਬਾਂ ਨੂੰ ਫੜਾਈ ਤੇ ਉਸ ਦੀ ਜ਼ਿੰਮੇਵਾਰੀ ਗੁਰੂ ਸਾਹਿਬ ਨੂੰ ਸੌਂਪ ਕੇ ਚੜ੍ਹਾਈ ਕਰ ਗਿਆ। ਇਹ ਗੱਲ 1643 ਦੀ ਹੈ। (ਮਗਰੋਂ ਇਹ ਦਯਾ ਰਾਮ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੇਲੇ ਤਕ ਪੰਥ ਦੀ ਸੇਵਾ ਕਰਦਾ ਰਿਹਾ। ਉਹ ਅਨੰਦਪੁਰ 'ਚ ਗੁਰੂ ਸਾਹਿਬ ਨਾਲ ਇਕੱਠੇ ਜੀਣ-ਮਰਨ ਦਾ ਪ੍ਰਣ ਕਰਨ ਵਾਲੇ ਚਾਲੀ ਮੁਕਤਿਆਂ ਵਿੱਚੋਂ ਵੀ ਇਕ ਸੀ, ਉਹ ਚਮਕੌਰ ਤੋਂ ਗੁਰੂ ਸਾਹਿਬ ਨਾਲ ਨਿਕਲ ਜਾਣ ਵਾਲੇ ਪੰਜ ਸਿੰਘਾਂ ਵਿੱਚੋਂ ਵੀ ਇਕ ਸੀ।)

ਨਿਜ ਸੁਤ ਬੋਲ ਘਨੀ ਸਿਖ ਲੈ ਕੈ। ਸੌਂਪ ਗੁਰੂ ਕੌਂ ਅਨੰਦ ਕੈ ਕੈ ॥534॥...
ਗੁਰ ਕੇ ਪਗ ਲਾਗਤ ਤਜਿ ਦੇਹੀ। ਅਸ ਦਿਖਿ ਸਭ ਜਨ ਬਿਸਮੈ ਲੇਹੀ॥
ਸ੍ਰੀ ਗੁਰ ਕਹਾ ਨ ਬਿਸਮੈ ਧਾਰੋ। ਸਾਚ ਪ੍ਰੀਤਿ ਕੀ ਰੀਤਿ ਬਿਚਾਰੋ ॥540॥
ਤਨਕ ਬਿਖੈ ਤਿਆਗੇ ਨਿਜ ਪ੍ਰਾਨਾ। ਪ੍ਰੀਤਮ ਬੋਲ ਦੇਹਿ ਨਹਿ ਰਾਨਾ।
ਐਸੇ ਕਹਿ ਸਭ ਹੀ ਸਮਝਾਏ। ਦਯਾ ਰਾਮ ਸੁਤ ਕ੍ਰਿਤਿ ਕਰਾਏ ॥541॥

(ਗੁਰਬਿਲਾਸ ਪਾਤਸ਼ਾਹੀ ਛੇਵੀਂ, ਚੈਪਟਰ 21)

ਗੁਰੂ ਹਰਿਗੋਬਿੰਦ ਸਾਹਿਬ ਦਾ ਜੋਤੀ ਜੋਤਿ ਸਮਾਉਣਾ

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਇਲਹਾਮ ਹੋਇਆ ਕਿ ਹੁਣ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਦਾ ਵਕਤ ਆ ਗਿਆ ਹੈ ਤਾਂ ਉਨ੍ਹਾਂ ਨੇ ਕੀਰਤਪੁਰ ਵਿਚ ਰਹਿ ਰਹੇ ਸਾਰੇ ਸਿੱਖਾਂ ਨੂੰ ਬੁਲਾਇਆ। ਇਸ ਵੇਲੇ ਭਾਈ ਰਾਮਾ, ਭਾਈ ਪਰਮਾਨੰਦ, ਭਾਈ ਸੁੰਦਰ, ਭਾਈ ਰਾਇ ਜੋਧ, ਭਾਈ ਧਰਮਾ, ਭਾਈ ਸਾਧੂ, ਭਾਈ ਲਾਲ ਚੰਦ ਛੀਨਾ, ਭਾਈ ਅਬਦੁੱਲਾ ਤੇ ਨੱਥਾ, ਭਾਈ ਬਾਬਕ ਦੇ ਚਾਰੇ ਪੁੱਤਰ, ਭਾਈ ਦਯਾ ਰਾਮ ਪੁਰੋਹਿਤ ਵੀ ਹਾਜ਼ਿਰ ਹੋਏ। ਇੰਝ ਹੀ ਗੁਰੂ ਪਰਿਵਾਰ ਵਿਚ ਗੁਰੂ ਸਾਹਿਬ ਦੀ ਪਤਨੀ ਮਾਤਾ ਨਾਨਕੀ (ਮਾਤਾ ਗੁਰੂ ਤੇਗ਼ ਬਹਾਦਰ ਸਾਹਿਬ), ਮਾਤਾ ਮਰਵਾਹੀ, ਭਾਈ ਸੂਰਜ ਮੱਲ, ਭਾਈ ਅਣੀ ਰਾਏ, (ਗੁਰੂ) ਤੇਗ਼ ਬਹਾਦਰ ਤੇ ਕਈ ਹੋਰ ਜਣੇ ਵੀ ਗੁਰੂ ਸਾਹਿਬ ਕੋਲ ਪੁੱਜ ਗਏ। ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਆਪਣੇ ਦਰਬਾਰੀ ਸਿੱਖਾਂ ਨੂੰ ਆਪੋ-ਆਪਣੇ ਘਰੀਂ ਜਾਣ ਵਾਸਤੇ ਆਖਿਆ। ਉਨ੍ਹਾਂ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਿ ਰਾਇ ਸਾਹਿਬ ਨੂੰ ਗੁਰਗੱਦੀ ਵੀ ਸੌਂਪ ਦਿੱਤੀ।

ਬੋਲ ਸਭਨ ਕੋ ਲਾਇ ਦੀਵਾਨ। ਭਿੰਨ ਭਿੰਨ ਕਹਿ ਕ੍ਰਿਪਾ ਨਿਧਾਨ ॥622॥
ਸਾਹਿਬ ਭਾਨੇ ਕੌ ਕਹਾ ਪੁਤ੍ਰ ਸੌਂਪ ਹਰਿ ਰਾਇ।
ਜਾਵੋ ਤੁਮ ਰਮਦਾਸ ਕੋ ਤਨੁ ਤਜਿ ਮਮ ਢਿਗ ਆਇ ॥623॥
ਰਾਮੇ ਕੌ ਪੁਨਿ ਐਸ ਅਲਾਯੋ। ਜਾਇ ਧਾਮ ਤੁਮ ਪ੍ਰਾਨ ਤਜਾਯੋ।
ਪ੍ਰਮਾਨੰਦ ਸੁੰਦਰ ਯੁਤ ਭਾਖਾ। ਜਾਇ ਸਦਨ ਰਹੁ ਤੁਮ ਅਭਿਲਾਖਾ ॥624॥
ਰਾਇ ਜੋਧ ਰੂਪੇ ਕੌ ਕਹਾ। ਜਪੋ ਨਾਮ ਗ੍ਰਿਹ ਮੈ ਚਲ ਰਹਾ।
ਧਰਮੇ ਕੌ ਪੁਨਿ ਕਹਾ ਸੁਨਾਇ। ਜਾਇ ਧਾਮ ਤੁਮ ਮਮ ਢਿਗ ਆਇ ॥625॥
ਸਾਧੂ ਕੌ ਦੀਨੋ ਬਹੁ ਧੀਰਾ। ਭੋਗ ਜਗਤ ਸੁਖ ਰਾਖ ਸਰੀਰਾ।
ਲਾਲ ਚੰਦ ਕੌ ਆਇਸ ਕੀਤੀ। ਮੁਰਤਿ ਔਰ ਸੈਂਚੀਆਂ ਦੀਨੀ ॥626॥
ਤਿਨ ਕੌ ਸ੍ਰੀ ਮੁਖਿ ਐਸ ਅਲਾਯੋ। ਬਾਗ ਮੱਲ ਸੁਭ ਸਦਨ ਬਨਾਯੋ।
ਸੁਰ ਸਿੰਘ ਤੁਮਰੇ ਹਿਤਿ ਤਹ ਜਾਵੋ। ਨਿਜ ਮਾਤਾ ਯੁਤ ਤਹਾਂ ਰਹਾਵੋ ॥627॥
ਅਬਦੁਲ ਨੱਥੇ ਕੌ ਕਹਾ ਤੁਮ ਭੀ ਨਿਜ ਗ੍ਰਿਹਿ ਜਾਇ।
ਕੌਤਕ ਦੇਖੋ ਜਗਤ ਕੇ ਕਛੁ ਕਾਲ ਸੁਖੁ ਪਾਇ ॥628॥
ਬਾਬਕ ਜਾਤੀ ਮੱਲ ਕੇ ਸੁਤ ਸੌਂ ਕੀਨ ਉਚਾਰ।
ਅਮੀ ਸਰੋਵਰੁ ਜਾਇ ਰਹੁ ਮਨ ਮੈ ਅਨੰਦ ਧਾਰਿ ॥629॥

(ਗੁਰਬਿਲਾਸ ਪਾ...

ਗੁਰੂ ਸਾਹਿਬ ਨੇ ਆਪਣੇ ਦਰਬਾਰੀ ਸਿੱਖਾਂ ਨੂੰ ਆਪੋ-ਆਪਣੇ ਘਰੀਂ ਜਾਣ ਵਾਸਤੇ ਆਖਣ ਮਗਰੋਂ ਆਪਣੇ ਪਰਿਵਾਰ ਨੂੰ ਵੀ ਰਲ-ਮਿਲ ਕੇ ਰਹਿਣ ਅਤੇ ਸੰਗਤਾਂ ਦੀ ਸੇਵਾ-ਸੰਭਾਲ ਵਾਸਤੇ ਹਦਾਇਤਾਂ ਦਿੱਤੀਆਂ। ਉਨ੍ਹਾਂ ਨੇ ਸੂਰਜ ਮੱਲ ਪਰਿਵਾਰ ਨੂੰ ਕੀਰਤਪੁਰ ਸਾਹਿਬ ਰਹਿਣ ਅਤੇ ਮਾਤਾ ਨਾਨਕੀ ਅਤੇ (ਗੁਰੂ) ਤੇਗ਼ ਬਹਾਦਰ ਸਾਹਿਬ ਨੂੰ ਬਕਾਲੇ ਚਲੇ ਜਾਣ ਅਤੇ ਉਥੇ ਰਹਿਣ ਵਾਸਤੇ ਵੀ ਹਦਾਇਤ ਦਿੱਤੀ:

ਮਾਤ ਨਾਨਕੀ ਪੁਨਾ ਦਿਖਾਈ। ਜੋਰਿ ਹਾਥ ਪ੍ਰਭ ਸਮੁਹਿ ਬਿਨਾਈ।
ਸ੍ਰੀ ਮੁਖ ਕਹਾ ਮਾਂਗ ਰੁਚਿ ਜੋਈ। ਸੀਘਰ ਭਾਖ ਸੰਸ ਨਹਿ ਕੋਈ ॥630॥
ਕਹਾ ਮਾਤ ਤੁਮਰਾ ਬਚ ਸੁਆਮੀ। ਗ੍ਰਿਹਿ ਗੁਰਿਆਈ ਮਮ ਸੁਖਧਾਮੀ।
ਸੋ ਪ੍ਰਭ ਜੀ ਤੁਮ ਕੌਤਕ ਚੀਨੋ। ਹਰਿ ਰਾਇ ਕੋ ਅਬ ਗੁਰੁ ਕੀਨੋ ॥631॥
ਅਬ ਕਯਾ ਮਾਗੋਂ ਤੁਮ ਸਭ ਜਾਨੋ। ਮਨ ਕੀ ਮਨ ਮੈ ਬਾਤ ਪ੍ਰਮਾਨੋ।
ਸ੍ਰੀ ਗੁਰ ਕਹਾ ਸੰਸ ਨਹਿ ਕੀਜੈ। ਸਮਾ ਪਾਇ ਗੁਰਯਾਈ ਲੀਜੈ ॥632॥
ਤੁਮਰਾ ਸੁਤ ਹੋਵੈ ਗੁਰ ਭਾਰੀ। ਨਿਸਚੈ ਜਾਨੁ ਚਿੰਤ ਮਤੁ ਧਾਰੀ।
ਤੁਮਰਾ ਸੁਤ ਨੰਦਨੁ ਹੁਇ ਬਲਵੰਤਾ। ਧਰਿ ਗੁਰਿਆਈ ਸੁਖ ਦੈ ਸੰਤਾ ॥633॥...
(ਗੁਰੂ ਤੇਗ਼ ਬਹਾਦਰ ਸਾਹਿਬ ਵੱਲ ਇਸ਼ਾਰਾ ਹੈ)

ਸੋਰਠਾ॥ ਅਬ ਮਾਨੋ ਮਮ ਬਾਤ, ਜਾਇ ਬਕਾਲੇ ਤੁਮ ਰਹੋ।
ਤਿਹ ਠਾਂ ਬਸ ਦਿਨੁ ਰਾਤਿ ਸੁਤ ਗੁਰਿਆਈ ਹੋਇ ਤਹ ॥635॥

ਦੋਹਰਾ॥ ਮਾਤਾ ਨਾਨਕੀ ਅਨੰਦ ਕੈ ਸੱਤਿ ਬਾਤ ਮਨ ਮਾਨਿ।
ਸੂਰਜ ਮੱਲ ਕਰ ਜੋਰਿ ਕੈ ਪੁਨਿ ਅਸ ਬੈਨ ਬਖਾਨ ॥636॥

ਚੌਪਈ॥ ਹੇ ਪ੍ਰਭ ਕਯਾ ਆਇਸ ਅਬ ਮੋ ਕੋਂ। ਸ੍ਰੀ ਗੁਰ ਕਹਾ ਭਾਇ ਇਹ ਤੋ ਕੋਂ।
ਗੁਰੂ ਹਰਿ ਰਾਇ ਜਾਨਿ ਕਰ ਸੇਵਾ। ਤੋ ਕੋ ਹੋਵੈ ਖੇਮ ਅਭੇਵਾ ॥637॥
ਗ੍ਰਿਹ ਮੈ ਦਰਬ ਵਾਰ ਨਹਿ ਆਵੈ। ਤੁਮ ਕੁਲ ਜਗ ਮੈਂ ਅਧਿਕ ਫਲਾਵੈ।
ਸੂਰਜ ਮੱਲ ਭਾਰ ਸੁਖ ਪਾਏ। ਪ੍ਰਭ ਕੇ ਬੈਨ ਸਭਿ ਹੀਯ ਭਾਏ ॥638॥
ਅਣੀ ਰਾਇ ਰਹਿ ਮਸਤ ਨ ਬੋਲੈ। ਪ੍ਰਭ ਕੋ ਨਾਮੁ ਅਮੀ ਝਕ ਝੋਲੈ।
ਤੇਗ਼ ਬਹਾਦਰ ਮੋਨਿ ਰਹਾਯੋ। ਜਾਨਤ ਬਾਤ ਨ ਬੈਨ ਅਲਾਯੋ ॥639॥

ਇਸ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਸਮੁੱਚੀ ਸੰਗਤ ਨੂੰ ਸਾਂਝੀ ਹਦਾਇਤ ਦਿੱਤੀ:

ਅਬ ਹਉਂ ਗੁਰ ਨਾਨਕ ਪੈ ਜਾਊਂ। ਕ੍ਰਿਪਾ ਸਿੰਧੁ ਕਾ ਦਰਸ਼ਨ ਪਾਊਂ।
ਮਮ ਆਦਿਸ ਤੁਮ ਰੁਦਨ ਨ ਕੀਜੈ। ਕੀਰਤਨ ਨਾਮ ਵਿਖੇ ਮਨ ਦੀਜੈ ॥648॥
ਗੁਰਸਿਖਨ ਕੀ ਸੇਵਾ ਕਰੀਜੇ। ਏਕ ਟੇਕ ਗੁਰ ਨਾਨਕ ਧਰੀਜੇ।
ਜੋ ਦਰਸਨ ਕਰਿ ਮੇਰਾ ਚਾਹੈ। ਹਰਿ ਰਾਇ ਗੁਰ ਦਰਸ ਉਮਾਹੈ ॥649॥
ਹਰਿ ਰਾਇ ਮਮ ਭੇਦ ਨ ਕੋਈ। ਜੋ ਇੱਛਾ ਕਰ ਪਾਵੈਂ ਸੋਈ।...

(*ਗੁਰਬਿਲਾਸ ਪਾਤਸ਼ਾਹੀ ਛੇਵੀਂ*, ਚੈਪਟਰ 21)

ਇੰਞ ਸਾਰੇ ਪਰਿਵਾਰਾਂ, ਕੀਰਤਪੁਰ ਵਾਸੀਆਂ ਤੇ ਹੋਰ ਦਰਬਾਰੀ ਸਿੱਖਾਂ ਨੂੰ ਹਦਾਇਤਾਂ ਦੇਣ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ ਸਮਾ ਗਏ। ਉਨ੍ਹਾਂ

ਦਾ ਸਸਕਾਰ, ਦਰਿਆ ਸਤਲੁਜ ਦੇ ਕੰਢੇ, ਗੁਰਦੁਆਰਾ ਪਤਾਲਪੁਰੀ ਵਾਲੀ ਥਾਂ 'ਤੇ ਕੀਤਾ ਗਿਆ :

ਇਹ ਬਿਧਿ ਜੋਤੀ ਜੋਤਿ ਸਮਾਏ। ਅਚਲ ਅਮਰ ਨਿਜ ਰੂਪ ਸਮਾਏ।
ਸੰਮਤ ਸੋਰਹ ਸੈ ਪਾਚਾਨਵ। ਚੇਤ ਸੁਦੀ ਥਿਤਿ ਪੰਚਮ ਗਾਵਨ ॥664॥
ਦੋਹਰਾ॥ ਸਵਾ ਜਾਮ ਦਿਨ ਕੇ ਚੜ੍ਹੇ ਸੀ ਗੁਰ ਰੂਪ ਸਮਾਇ।
ਸਾਹਿਬ ਭਾਨੇ ਆਦਿ ਲੋ ਸਭਿ ਜਨ ਬਿਸਮੈ ਪਾਇ ॥665॥
ਸਭ ਕੋ ਭਾਨੇ ਧੀਰ ਧਰਾਯੋ। ਸੂਰਜਮਲ ਕੌ ਐਸ ਅਲਾਯੋ।
ਤਜੋ ਦੇਰਿ ਪਿਤ ਕ੍ਰਿਤਿ ਸਵਾਰੋ। ਚਿਦ ਘਨ ਜਾਨਿ ਸੋਕੁ ਮਤ ਧਾਰੋ ॥666॥
ਰਵਿ ਮਲ ਕੀਨੋ ਤਬੈ ਸਨਾਨੁ। ਕਰਿ ਗੁਰ ਚਰਨਨ ਕਾ ਮਨਿ ਧਿਆਨ।
ਸ੍ਰੀ ਗੁਰ ਦੇਹ ਸਨਾਨ ਕਰਾਯੋ। ਸੁੰਦਰੁ ਅਧਿਕ ਬਿਵਾਨ ਬਨਾਯੋ ॥667॥
ਜਰੀ ਬਾਦਲਾ ਅਨਗਨ ਲਾਇ। ਕਰਿ ਅਰਦਾਸਿ ਤਨੁ ਲੀਯੋ ਉਠਾਇ॥
ਰੂਪ ਚੰਦ, ਭਾਨਾ ਇਕ ਓਰ। ਜੋਧ ਮਾਲਰਵਿ ਆਨ ਬਹੋਰ ॥668॥...
ਨਭ ਭੂਮਿ ਬਜੇ ਬਾਜ ਬਹੁ ਸੋਭਾ ਕਹੀ ਨ ਜਾਇ।
ਤੀਰ ਸਤਦ੍ਰਵ ਜਾਇ ਕੈ ਚੰਦਨ ਚਿਖਾ ਬਨਾਇ ॥670॥
ਮਾਤ ਮਰਵਾਹੀ ਦਾਹ ਤਨ ਕਾਂਸ਼ੀ ਕੀਨ ਉਚਾਰ।
ਪਤਾਲ ਪੁਰੀ ਤਿਹ ਨਾਮ ਕੈ ਸੁੰਦਰ ਭੂਮਿ ਨਿਹਾਰ ॥671॥
ਰਾਖ ਚਿਖ ਪਰਿ ਸ੍ਰੀ ਗੁਰ ਦੇਹੀ। ਲਾਂਬੂ ਦੀਜੋ ਸੂਰਜ ਮਲ ਤੇਹੀ।...

(*ਗੁਰਬਿਲਾਸ ਪਾਤਸ਼ਾਹੀ ਛੇਵੀਂ*, ਚੈਪਟਰ 21)

ਗੁਰੂ ਹਰਿ ਰਾਇ ਸਾਹਿਬ ਵੇਲੇ ਕੀਰਤਪੁਰ

3 ਮਾਰਚ 1644 ਦੇ ਦਿਨ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ ਸਮਾਏ ਤਾਂ ਉਨ੍ਹਾਂ ਦੇ ਸਸਕਾਰ ਵੇਲੇ ਜੈਸਲਮੇਰ ਦੇ ਰਾਜਾ ਰਾਮ ਪ੍ਰਤਾਪ ਸਿੰਘ ਯਾਦਵ ਤੇ ਉਸ ਦੇ ਪੁੱਤਰ ਰਾਜਾ ਰਾਮ ਸਿੰਹੁ ਨੇ ਗੁਰੂ ਸਾਹਿਬ ਦੀ ਚਿਤਾ ਵਿਚ ਛਾਲ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ। ਗੁਰੂ ਸਾਹਿਬ ਕੋਲ ਪਨਾਹ ਲਈ ਬੈਠੇ ਇਨ੍ਹਾਂ ਰਾਜਿਆਂ ਦਾ ਗੁਰੂ ਸਾਹਿਬ ਨਾਲ ਏਨਾ ਪਿਆਰ ਸੀ ਕਿ ਉਹ ਸਾਰੇ ਦੇ ਸਾਰੇ ਗੁਰੂ ਸਾਹਿਬ ਦੇ ਸਸਕਾਰ ਵੇਲੇ ਚਿਤਾ ਵਿਚ ਸੜ ਜਾਣਾ ਚਾਹੁੰਦੇ ਸਨ। ਜਦੋਂ ਜੈਸਲਮੇਰ ਦੇ ਦੋਵੇਂ ਰਾਜੇ ਪਿਓ-ਪੁੱਤਰ ਚਿਤਾ ਵਿਚ ਛਲਾਂਗ ਮਾਰ ਚੁੱਕੇ ਸਨ ਤਾਂ ਗੁਰੂ ਹਰਿ ਰਾਇ ਸਾਹਿਬ ਨੇ ਬਾਕੀਆਂ ਨੂੰ ਅਜਿਹਾ ਕਰਨੋਂ ਰੋਕ ਲਿਆ। ਇਨ੍ਹਾਂ ਵਿਚ ਰਾਜਾ ਸੰਗਰਾਮ ਸਿੰਹੁ ਤੇ ਕਈ ਹੋਰ ਵੀ ਸਨ। ਇਨ੍ਹਾਂ ਨੇ ਮਗਰੋਂ ਆਪਣੇ ਸੀਨੇ ਵਿਚ ਕਟਾਰਾਂ ਮਾਰ ਕੇ ਮੌਤ ਨੂੰ ਗਲੇ ਲਗਾ ਲਿਆ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਗੁਰੂ ਹਰਿਗੋਬਿੰਦ ਸਾਹਿਬ ਤੋਂ ਵਿਛੋੜਾ ਬਰਦਾਸ਼ਤ ਨਹੀਂ ਕਰ ਸਕਦੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਿ ਰਾਇ ਸਾਹਿਬ ਨੂੰ ਸਤਵੇਂ ਨਾਨਕ ਥਾਪ ਦਿੱਤਾ ਸੀ। ਇਕ ਸੋਮੇ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਨੇ ਤਾਂ 27 ਫ਼ਰਵਰੀ 1641 ਨੂੰ ਹੀ (ਗੁਰੂ) ਹਰਿ ਰਾਇ ਸਾਹਿਬ ਨੂੰ ਗੁਰ-ਗੱਦੀ ਦੇਣ ਦਾ ਐਲਾਨ ਕਰ ਦਿੱਤਾ ਸੀ।

ਗੁਰੂ ਹਰਿ ਰਾਇ ਸਾਹਿਬ ਨੇ ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਮੁਤਾਬਿਕ ਸਿੱਖ ਫ਼ੌਜ ਨੂੰ ਪੂਰੀ ਤਰ੍ਹਾਂ ਸਿਖਲਾਈ ਦਿੱਤੀ। ਕਈ ਸੋਮਿਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਹਰਿ ਰਾਇ ਸਾਹਿਬ ਕੋਲ 2200 ਵਧੀਆ ਘੋੜੇ ਸਨ। ਇਨ੍ਹਾਂ ਘੋੜਿਆਂ ਦੇ ਕਈ ਅਸਤਬਲ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਚਰਨੌਲੀ ਪਿੰਡ ਵਿਚ ਸੀ।

ਗੁਰੂ ਹਰਿ ਰਾਇ ਸਾਹਿਬ ਨੇ ਫ਼ੌਜੀ ਇੰਤਜ਼ਾਮ ਤੋਂ ਇਲਾਵਾ ਸਿੱਖ ਧਰਮ ਦੇ ਪ੍ਰਚਾਰ ਵਾਸਤੇ ਵੀ ਬੜਾ ਅਹਿਮ ਰੋਲ ਅਦਾ ਕੀਤਾ। ਉਨ੍ਹਾਂ ਨੇ ਕੀਰਤਪੁਰ ਵਿਚ (ਗੁਰੂ) ਗ੍ਰੰਥ ਸਾਹਿਬ ਦੇ ਕਈ ਸਰੂਪ ਤਿਆਰ ਕਰਵਾਏ ਤੇ ਇਨ੍ਹਾਂ ਨੂੰ ਵੱਖ-ਵੱਖ ਨਗਰਾਂ ਵੱਲ ਭੇਜਿਆ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਵਿਚ ਸੰਜੀਦਾ ਸਿੱਖਾਂ ਨੂੰ ਮਸੰਦ ਨਾਮਜ਼ਦ ਕਰ ਕੇ ਸਿੱਖਾਂ ਦੇ ਦਸਵੰਧ ਨੂੰ ਨੇਮ ਨਾਲ ਇਕੱਠਾ ਕਰਨ ਅਤੇ ਕੌਮੀ ਕੰਮਾਂ 'ਤੇ ਖ਼ਰਚ ਕਰਨ ਲਈ ਜਥੇਬੰਦ ਕੀਤਾ। ਉਨ੍ਹਾਂ ਨੇ ਵੱਖ-ਵੱਖ ਇਲਾਕਿਆਂ ਵਿਚ ਦਵਾਖ਼ਾਨੇ ਵੀ ਖੋਲ੍ਹੇ। ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਦਵਾਖ਼ਾਨਾ ਕੀਰਤਪੁਰ ਵਿਚ ਸੀ, ਜਿਥੇ ਕਿ ਜੜ੍ਹੀਆਂ ਬੂਟੀਆਂ ਤੋਂ ਕੀਮਤੀ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ

ਸਨ। ਗੁਰੂ ਹਰਿ ਰਾਇ ਸਾਹਿਬ ਦੇ ਦੂਜੇ ਧਰਮਾਂ ਦੇ ਪੀਰਾਂ-ਫ਼ਕੀਰਾਂ, ਖੋਜੀਆਂ ਤੇ ਵਿਦਵਾਨਾਂ ਨਾਲ ਵੀ ਡੂੰਘੇ ਸਬੰਧ ਸਨ ਤੇ ਕਈ ਗ਼ੈਰ-ਸਿੱਖ ਉਲਮਾ ਅਕਸਰ ਕੀਰਤਪੁਰ ਵਿਚ ਆਉਂਦੇ-ਜਾਂਦੇ ਰਹਿੰਦੇ ਸਨ। ਕੀਰਤਪੁਰ ਸਾਹਿਬ ਵਿਚ ਆਉਣ-ਜਾਣ ਵਾਲੀਆਂ ਸ਼ਖ਼ਸੀਅਤਾਂ ਵਿਚ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਵੀ ਸੀ। ਇਕ ਵਾਰ ਗੁਰੂ ਹਰਿ ਰਾਇ ਸਾਹਿਬ ਨੇ ਉਸ ਦੀ ਇਕ ਲੰਬੀ ਤੇ ਪੁਰਾਣੀ ਬੀਮਾਰੀ ਦੇ ਇਲਾਜ ਵਿਚ ਮਦਦ ਵੀ ਕੀਤੀ ਸੀ, ਜਿਸ ਕਰ ਕੇ ਉਹ ਗੁਰੂ ਸਾਹਿਬ ਦਾ ਸੱਜਣ ਹੀ ਨਹੀਂ, ਬਲਕਿ ਮੁਰੀਦ ਵੀ ਬਣ ਗਿਆ।

ਗੁਰੂ ਹਰਿ ਰਾਇ ਸਾਹਿਬ ਦਾ ਪਰਿਵਾਰ

ਗੁਰੂ ਹਰਿ ਰਾਇ ਸਾਹਿਬ ਦਾ ਵਿਆਹ 1640 ਵਿਚ ਹੋਇਆ ਸੀ ਤੇ ਮੁਕਲਾਵਾ 1642 ਵਿਚ ਆਇਆ ਸੀ। ਗੁਰੂ ਸਾਹਿਬ ਦੇ ਘਰ ਮਾਤਾ ਸੁਲੱਖਣੀ ਜੀ ਦੀ ਕੁੱਖ ਤੋਂ ਤਿੰਨ ਬੱਚੇ ਪੈਦਾ ਹੋਏ। ਸਭ ਤੋਂ ਵੱਡਾ ਰਾਮ ਰਾਏ 24 ਫ਼ਰਵਰੀ 1646 ਦੇ ਦਿਨ ਪੈਦਾ ਹੋਇਆ ਸੀ। ਦੂਜਾ ਬੱਚਾ ਬੀਬੀ ਰੂਪ ਕੌਰ ਸੀ, ਜਿਸ ਦਾ ਜਨਮ 9 ਅਪਰੈਲ 1649 ਨੂੰ ਹੋਇਆ ਸੀ। (ਗੁਰੂ) ਹਰਿਕ੍ਰਿਸ਼ਨ ਸਾਹਿਬ ਦਾ ਜਨਮ 20 ਜੁਲਾਈ 1652 ਦੇ ਦਿਨ ਹੋਇਆ ਸੀ।

ਕਈ ਲੇਖਕਾਂ ਨੇ ਗੁਰੂ ਹਰਿ ਰਾਇ ਸਾਹਿਬ ਦੇ ਸੱਤ ਵਿਆਹ ਲਿਖੇ ਹਨ, ਜੋ ਕਿ ਕੋਰਾ ਝੂਠ ਹੈ। ਜੇ ਕਰ ਉਨ੍ਹਾਂ ਦੀ ਇਹ ਗ਼ਲਤ ਗੱਲ ਮੰਨ ਲਈ ਜਾਏ ਤਾਂ ਜਿਨ੍ਹਾਂ ਸੱਤ ਸੱਕੀਆਂ ਭੈਣਾਂ ਨਾਲ ਗੁਰੂ ਸਾਹਿਬ ਦੇ ਵਿਆਹ ਹੋਏ ਸਨ, ਉਹ ਸਾਰੀਆਂ ਜੁੜਵਾਂ ਭੈਣਾਂ ਹੀ ਹੋਣਗੀਆਂ, ਕਿਉਂਕਿ ਜਦੋਂ ਗੁਰੂ ਹਰਿ ਰਾਇ ਸਾਹਿਬ ਦਾ ਵਿਆਹ ਹੋਇਆ, ਉਦੋਂ ਉਨ੍ਹਾਂ ਦੀ ਉਮਰ ਸਿਰਫ਼ 9 ਸਾਲ ਦੀ ਸੀ ਤੇ 11 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਮੁਕਲਾਵਾ ਆਇਆ ਸੀ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੀ ਸਭ ਤੋਂ ਵੱਡੀ ਪਤਨੀ ਦੀ ਉਮਰ ਗੁਰੂ ਸਾਹਿਬ ਤੋਂ ਜੇ ਘੱਟ ਨਹੀਂ ਤਾਂ ਬਰਾਬਰ ਹੀ ਹੋਵੇਗੀ, ਯਾਨਿ 9 ਸਾਲ ਦੀ। ਇਸ ਹਿਸਾਬ ਨਾਲ ਜੇ ਇਹ ਸੱਤੇ ਭੈਣਾਂ ਜੁੜਵਾਂ ਹੋਣ ਤ੍ਹਾਂ 9-9 ਸਾਲ ਦੀਆਂ ਹੋਣਗੀਆਂ ਤੇ ਜਾਂ ਫਿਰ (ਜੇ ਇਕ-ਇਕ ਸਾਲ ਦੇ ਫ਼ਰਕ ਨਾਲ ਵੀ ਜੰਮੀਆਂ ਹੋਣ ਤਾਂ ਵੀ) ਸਭ ਤੋਂ ਛੋਟੀ (ਸੱਤਵੀਂ) ਦੀ ਉਮਰ 2 ਸਾਲ ਦੀ ਹੋਵੇਗੀ। ਕੀ ਉਸ ਨੂੰ ਗੁਰੂ ਸਾਹਿਬ ਗੋਦ ਵਿਚ ਬਿਠਾ ਕੇ ਲਿਆਏ ਹੋਣਗੇ? ਸਿੱਖ ਤਵਾਰੀਖ਼ ਵਿਚ ਅਜਿਹੀਆਂ ਬੇਹੂਦਾ ਗੱਪਾਂ ਹੋਰ ਵੀ ਕਈ ਰਲ-ਗੱਡ ਕੀਤੀਆਂ ਹੋਈਆਂ ਹਨ। ਦਰਅਸਲ (ਗੁਰੂ) ਹਰਿ ਰਾਇ ਸਾਹਿਬ ਦਾ ਇੱਕੋ ਹੀ ਵਿਆਹ ਹੋਇਆ ਸੀ ਤੇ ਉਹ ਸੀ (ਮਾਤਾ) ਸੁਲੱਖਣੀ ਨਾਲ।

ਕੁਝ ਲੇਖਕਾਂ ਨੇ ਬਾਬਾ ਰਾਮ ਰਾਇ ਨੂੰ ਮਾਤਾ ਸੁਲੱਖਣੀ ਦਾ ਨਹੀਂ, ਬਲਕਿ 'ਕੋਟ ਕਲਿਆਣੀ' ਦਾ ਬੱਚਾ ਵੀ ਲਿਖਿਆ ਹੈ। ਉਨ੍ਹਾਂ ਮੁਤਾਬਿਕ ਇਹ 'ਕੋਟ ਕਲਿਆਣੀ' ਗੁਰੂ ਹਰਿ ਰਾਇ ਸਹਿਬ ਦੇ ਵਿਆਹ ਵੇਲੇ 'ਦਾਜ ਵਿਚ ਦਾਸੀ' ਵਜੋਂ ਆਈ ਸੀ। ਇਹ ਗੱਪ ਵੀ ਬੇਹੂਦਾ ਗੱਲ ਹੈ ਤੇ ਗੁਰੂ ਹਰਿ ਰਾਇ ਸਾਹਿਬ ਦੀ ਸ਼ਖ਼ਸੀਅਤ ਨੂੰ ਛੁਟਿਆਉਣ ਵਾਸਤੇ ਲਿਖੀ ਗਈ ਜਾਪਦੀ ਹੈ। ਦਰਅਸਲ ਮਾਤਾ ਸੁਲੱਖਣੀ ਨੂੰ

ਹੀ 'ਕੋਟ ਕਲਿਆਣੀ' ਵੀ ਆਖਿਆ ਜਾਂਦਾ ਸੀ। ਕਿਉਂਕਿ ਉਸ ਦੇ ਪਿਤਾ ਭਾਈ ਦਇਆ ਰਾਮ ਅਨੂਪ ਨਗਰ ਛੱਡ ਕੇ 'ਕੋਟ ਕਲਿਆਣਪੁਰ' (ਨੇੜੇ ਕੀਰਤਪੁਰ) ਰਹਿਣ ਲੱਗ ਪਏ ਸਨ। ਕੋਟ ਕਲਿਆਣਪੁਰ ਦੀ ਰਹਿਣ ਵਾਲੀ ਹੋਣ ਕਰ ਕੇ ਮਾਤਾ ਸੁਲੱਖਣੀ ਨੂੰ ਹੀ 'ਕੋਟ ਕਲਿਆਣੀ' ਆਖ ਕੇ ਵੀ ਬੁਲਾਇਆ ਜਾਂਦਾ ਸੀ। ਮਾਤਾ ਸੁਲੱਖਣੀ ਨੂੰ ਤਿੰਨ ਬੱਚਿਆਂ ਦੀ ਮਾਂ ਹੋਣ ਕਰ ਕੇ 'ਤਿਰਬੈਣੀ' ਆਖ ਕੇ ਵੀ ਬੁਲਾਇਆ ਜਾਂਦਾ ਸੀ।

ਗੁਰੂ ਹਰਿ ਰਾਇ ਸਾਹਿਬ ਦੇ ਤਿੰਨ ਬੱਚਿਆਂ ਨੂੰ ਮਾਤਾ ਬੱਸੀ (ਮਾਤਾ ਗੁਰੂ ਹਰਿ ਰਾਇ ਸਾਹਿਬ) ਤੇ ਮਾਤਾ ਸੁਲੱਖਣੀ ਨੇ ਬੜੇ ਚਾਵਾਂ ਨਾਲ ਪਾਲਿਆ। ਇਨ੍ਹਾਂ ਤਿੰਨਾਂ ਦੀ ਪੜ੍ਹਾਈ ਦੀਵਾਨ ਦਰਗਹ ਮੱਲ ਦੀ ਦੇਖ-ਰੇਖ ਵਿਚ ਹੋਈ। ਤਿੰਨੇ ਬੱਚੇ ਪੜ੍ਹਨ ਦੇ ਬੜੇ ਸ਼ੌਕੀਨ ਸਨ। ਉਨ੍ਹਾਂ ਨੂੰ (ਗੁਰੂ) ਗ੍ਰੰਥ ਸਾਹਿਬ ਵਿੱਚੋਂ ਬਹੁਤ ਸਾਰੇ ਸ਼ਬਦ ਜ਼ਬਾਨੀ ਯਾਦ ਸਨ। ਬਾਬਾ ਰਾਮ ਰਾਇ ਤਾਂ (ਗੁਰੂ) ਗ੍ਰੰਥ ਸਾਹਿਬ ਦੀ ਕਥਾ ਵੀ ਕਰਨ ਲੱਗ ਪਏ ਸਨ। ਬੀਬੀ ਰੂਪ ਕੌਰ ਨੇ (ਗੁਰੂ) ਗ੍ਰੰਥ ਸਾਹਿਬ ਵਿੱਚੋਂ ਚੋਣਵੀਆਂ ਬਾਣੀਆਂ ਇਕੱਠੀਆਂ ਕਰ ਕੇ ਇਕ ਪੋਥੀ (ਗੁਟਕਾ) ਵੀ ਤਿਆਰ ਕਰਵਾਈ ਹੋਈ ਸੀ। ਇਸ ਵਿੱਚੋਂ ਉਹ ਰੋਜ਼ ਪਾਠ ਕਰਿਆ ਕਰਦੀ ਸੀ। ਇਹ ਪੋਥੀ ਉਦੋਂ ਤੋਂ 2000 ਸੰਨ ਦੀਆਂ ਗਰਮੀਆਂ ਤਕ ਇਥੇ ਕਾਇਮ ਰਹੀ, ਪਰ ਉਸ ਮਗਰੋਂ ਇਹ ਗ਼ਾਇਬ ਹੋ ਗਈ ਸੀ (ਇਸ ਸਬੰਧੀ ਤਫ਼ਸੀਲ ਵੱਖਰੀ ਥਾਂ 'ਤੇ ਦਿੱਤੀ ਹੈ)।

ਗੁਰੂ ਹਰਿ ਰਾਇ ਸਾਹਿਬ ਨੇ ਗੁਰਗੱਦੀ ਸੰਭਾਲਣ ਮਗਰੋਂ ਅਗਲੇ ਤੇਰ੍ਹਾਂ ਸਾਲ ਧਰਮ ਪ੍ਰਚਾਰ ਵਾਸਤੇ ਬੜਾ ਰੋਲ ਅਦਾ ਕੀਤਾ। ਹਰ ਪਾਸੇ ਮਸੰਦ ਲਾਏ ਜਾਣ ਮਗਰੋਂ ਸਿੱਖਾਂ ਦਾ ਗੁਰੂ ਸਾਹਿਬ ਨਾਲ ਕਮਾਲ ਦਾ ਰਾਬਤਾ ਕਾਇਮ ਹੋ ਚੁੱਕਾ ਸੀ। ਕੀਰਤਪੁਰ ਸਾਹਿਬ ਵਿਚ ਬਹੁਤ ਸਾਰੇ ਸਿੱਖ ਸੇਵਾ ਕਰਨ ਵਾਸਤੇ ਰਹਿਣ ਲੱਗ ਪਏ ਸਨ। ਇਨ੍ਹਾਂ ਵਿਚ ਭਾਈ ਮਨੀ ਰਾਮ (ਮਗਰੋਂ ਮਨੀ ਸਿੰਘ) ਵੀ ਸਨ।

ਦਿੱਲੀ ਤਖ਼ਤ ਦਾ ਝਗੜਾ ਤੇ ਗੁਰੂ ਹਰਿ ਰਾਇ ਸਾਹਿਬ

ਮਾਰਚ 1657 ਵਿਚ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਦਾਰਾ ਸ਼ਿਕੋਹ ਨੂੰ ਆਪਣਾ ਵਾਰਿਸ ਹੋਣ ਦਾ ਐਲਾਨ ਕਰ ਦਿੱਤਾ। ਇਸ 'ਤੇ ਔਰੰਗਜ਼ੇਬ ਨੇ ਬਗ਼ਾਵਤ ਦਾ ਐਲਾਨ ਕਰ ਦਿੱਤਾ। ਔਰੰਗਜ਼ੇਬ 20 ਮਾਰਚ ਨੂੰ ਬੁਰਹਾਨਪੁਰ ਤੋਂ ਆਪਣੀ ਫ਼ੌਜ ਲੈ ਕੇ ਆਗਰੇ ਵੱਲ ਚੱਲ ਪਿਆ। ਔਰੰਗਜ਼ੇਬ ਅਤੇ ਸ਼ਾਹਜਹਾਨ ਦੀਆਂ ਫ਼ੌਜਾਂ (ਜਿਸ ਦੀ ਅਗਵਾਈ ਦਾਰਾ ਸ਼ਿਕੋਹ ਕਰ ਰਿਹਾ ਸੀ) ਵਿਚ ਸਭ ਤੋਂ ਵੱਡੀ ਲੜਾਈ 29 ਮਈ 1657 ਦੇ ਦਿਨ ਸਾਮੂਗੜ੍ਹ ਵਿਚ ਹੋਈ। ਇਸ ਲੜਾਈ ਵਿਚ ਔਰੰਗਜ਼ੇਬ ਜੇਤੂ ਰਿਹਾ। ਇਸ ਹਾਰ ਮਗਰੋਂ ਦਾਰਾ ਸ਼ਿਕੋਹ ਪੰਜਾਬ ਵੱਲ ਭੱਜ ਗਿਆ। ਜੂਨ ਦੇ ਪਹਿਲੇ ਹਫ਼ਤੇ ਉਸ ਨੇ ਗੋਇੰਦਵਾਲ ਕੋਲ ਦਰਿਆ ਬਿਆਸ ਪਾਰ ਕੀਤਾ। ਉਸ ਵੇਲੇ ਗੁਰੂ ਹਰਿ ਰਾਇ ਸਾਹਿਬ ਗੋਇੰਦਵਾਲ ਵਿਚ ਸਨ। ਦਾਰਾ ਸ਼ਿਕੋਹ ਗੁਰੂ ਹਰਿ ਰਾਇ ਸਾਹਿਬ ਦਾ ਮੁਰੀਦ ਸੀ। ਉਸ ਨੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਗੁਰੂ ਸਾਹਿਬ ਤੋਂ ਮਦਦ ਮੰਗੀ। ਗੁਰੂ ਸਾਹਿਬ ਨੇ ਪਨਾਹ ਆਏ ਬੰਦੇ ਦੀ ਮਦਦ ਕਰਨ ਵਾਸਤੇ ਆਪਣੀਆਂ ਫ਼ੌਜਾਂ ਦੀ ਮਦਦ ਨਾਲ ਦਰਿਆ ਬਿਆਸ ਦਾ ਰਸਤਾ ਡੱਕ ਦਿੱਤਾ ਤਾਂ ਜੋ ਦਾਰਾ ਸ਼ਿਕੋਹ ਦੇ ਪਿੱਛੇ ਆ ਰਹੀਆਂ ਔਰੰਗਜ਼ੇਬ ਦੀਆਂ ਫ਼ੌਜਾਂ ਨੂੰ ਰੋਕਿਆ ਜਾ ਸਕੇ। ਏਨੇ ਚਿਰ ਵਿਚ ਦਾਰਾ ਸ਼ਿਕੋਹ ਕਾਫ਼ੀ ਦੂਰ ਨਿਕਲ ਗਿਆ (ਕਾਫ਼ੀ ਚਿਰ ਮਗਰੋਂ ਦਾਰਾ ਸ਼ਿਕੋਹ ਫੜਿਆ ਗਿਆ ਤੇ ਉਸ ਨੂੰ ਔਰੰਗਜ਼ੇਬ ਦੇ ਹੁਕਮ ਨਾਲ ਕਤਲ ਕਰ ਦਿੱਤਾ ਗਿਆ)।

ਜਦੋਂ ਔਰੰਗਜ਼ੇਬ ਤਖ਼ਤ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਿਆ ਤਾਂ ਉਸ ਨੇ ਦਾਰਾ ਸ਼ਿਕੋਹ ਦੀ ਮਦਦ ਜਾਂ ਉਸ ਨਾਲ ਹਮਦਰਦੀ ਕਰਨ ਵਾਲੇ ਹਰ ਇਕ ਸ਼ਖ਼ਸ ਨੂੰ ਸਜ਼ਾ ਦੇਣ ਦਾ ਐਲਾਨ ਕੀਤਾ। ਇਸੇ ਐਲਾਨ ਹੇਠ ਉਸ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਵੀ ਤਲਬ ਕਰਨ ਦਾ ਫ਼ੈਸਲਾ ਕੀਤਾ। ਉਨ੍ਹੀਂ ਦਿਨੀਂ ਗੁਰੂ ਸਾਹਿਬ ਕਸ਼ਮੀਰ ਦੇ ਦੌਰੇ 'ਤੇ ਗਏ ਹੋਏ ਸਨ। ਇਸ ਦੌਰੇ ਦੌਰਾਨ ਉਹ ਲਾਹੌਰ, ਜਲਾਲਪੁਰ ਜੱਟਾਂ, ਦਬੁਰਜੀ ਉਦੇ ਕਰਨ ਵਾਲੀ (ਸਿਆਲਕੋਟ ਦੇ ਨੇੜੇ), ਗਲੋਟੀਆਂ ਵਗ਼ੈਰਾ ਤੋਂ ਹੁੰਦੇ ਹੋਏ ਸ੍ਰੀਨਗਰ ਗਏ ਤੇ ਇਥੋਂ ਵਾਪਸੀ 'ਤੇ ਅਖਨੂਰ, ਜੰਮੂ, ਰਾਮਗੜ੍ਹ, ਸਾਂਬਾ ਤੇ ਪਠਾਨਕੋਟ ਵੀ ਗਏ। ਗੁਰੂ ਸਾਹਿਬ ਮਾਰਚ 1661 ਵਿਚ ਵਾਪਿਸ ਕੀਰਤਪੁਰ ਪੁੱਜੇ। 28 ਮਾਰਚ 1661 ਦੇ ਦਿਨ ਹੀ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਦਿੱਲੀ ਤੋਂ ਪਰਸ ਰਾਮ (ਦੀਵਾਨ

ਰਾਜਾ ਜੈ ਸਿੰਹੁ ਮਿਰਜ਼ਾ) ਔਰੰਗਜ਼ੇਬ ਦਾ ਸੰਮਨ ਲੈ ਕੇ ਕੀਰਤਪੁਰ ਪੁੱਜਾ। ਗੁਰੂ ਸਾਹਿਬ ਨੇ ਉਸ ਨੂੰ ਆਖਿਆ ਕਿ ਉਹ ਆਪ ਤਾਂ ਨਹੀਂ ਜਾਣਗੇ, ਪਰ ਆਪਣੇ ਵੱਡੇ ਬੇਟੇ ਰਾਮ ਰਾਇ ਨੂੰ ਜ਼ਰੂਰ ਭੇਜ ਦੇਣਗੇ।

29 ਮਾਰਚ 1661 ਦੇ ਦਿਨ ਬਾਬਾ ਰਾਮ ਰਾਇ ਰੱਥ ਵਿਚ ਸਵਾਰ ਹੋ ਕੇ ਕੀਰਤਪੁਰ ਤੋਂ ਦਿੱਲੀ ਵਾਸਤੇ ਚੱਲ ਪਿਆ। ਉਸ ਦੇ ਨਾਲ ਪਰਸ ਰਾਮ ਦੀਵਾਨ ਤੋਂ ਇਲਾਵਾ ਦੀਵਾਨ ਦਰਗਹ ਮੱਲ, ਭਾਈ ਦਰੀਆ (ਭਾਈ ਮਨੀ ਸਿੰਘ ਦੇ ਦਾਦਾ ਸ਼ਹੀਦ ਭਾਈ ਬੱਲੂ ਦਾ ਭਰਾ), ਗੁਰਦਾਸ (ਪੁੱਤਰ ਭਾਈ ਬਹਿਲੋ) ਵੀ ਬਾਬਾ ਰਾਮ ਰਾਇ ਦੇ ਨਾਲ ਗਏ। ਗੁਰੂ ਹਰਿ ਰਾਇ ਸਾਹਿਬ ਨੇ ਇਨ੍ਹਾਂ ਨੂੰ (ਗੁਰੂ) ਗ੍ਰੰਥ ਸਾਹਿਬ ਦੀ ਇਕ ਬੀੜ ਵੀ ਦਿੱਤੀ। (ਇਹ ਬੀੜ ਵੀਹਵੀਂ ਸਦੀ ਦੇ ਸ਼ੁਰੂ ਤਕ ਡੇਹਰਾਦੂਨ ਵਿਚ ਪਈ ਹੋਈ ਸੀ)।

ਦਿੱਲੀ ਪੁੱਜਣ ਮਗਰੋਂ ਬਾਬਾ ਰਾਮ ਰਾਇ ਨੇ ਔਰੰਗਜ਼ੇਬ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਇਸ ਦੀ ਖ਼ਬਰ ਦੀਵਾਨ ਦਰਗਹ ਮੱਲ ਨੂੰ ਹੋਈ ਤਾਂ ਉਨ੍ਹਾਂ ਬਾਬਾ ਰਾਮ ਰਾਇ ਨਾਲ ਗਿਲਾ ਕੀਤਾ। ਇਸ 'ਤੇ ਬਾਬਾ ਰਾਮ ਰਾਇ ਨੇ ਆਖਿਆ ਕਿ ਮੈਂ ਤਾਂ ਗੁਰਬਾਣੀ ਦੀ ਇਕ ਤੁਕ ਦੀ ਤਨਕੀਹ ਹੀ ਆਪਣੀ ਸੋਚ ਨਾਲ ਕੀਤੀ ਹੈ। "ਮਿਟੀ ਮੁਸਲਮਾਨ ਕੀ....." ਵਾਲੀ ਤੁਕ ਦੇ ਮਾਅਨੇ ਕਰਦਿਆਂ ਮੈਂ ਤਾਂ ਸਿਰਫ਼ ਏਨਾ ਆਖਿਆ ਸੀ ਕਿ "ਇਥੇ ਮੁਸਲਮਾਨ ਤੋਂ ਮੁਰਾਦ ਉਸ ਮੁਸਲਮਾਨ ਦੀ ਹੈ, ਜੋ ਰੱਬ ਤੋਂ ਦੂਰ ਹੈ, ਜੋ ਉਸ ਤੋਂ ਮੁਨਕਰ ਹੈ, ਐਸ਼-ਪ੍ਰਸਤ ਹੈ। ਅਜਿਹੇ ਮੁਸਲਮਾਨ ਦੀ ਮਿੱਟੀ ਜ਼ਰੂਰ ਇਕ ਦਿਨ ਘੁਮਿਆਰ ਦੇ ਆਵੇ ਵਿਚ ਸੜੇਗੀ। ਪਰ ਜੋ ਮੁਸਲਮਾਨ ਰੱਬ ਦੇ ਨੇੜੇ ਹੈ, ਉਸ ਦੀ ਮਿੱਟੀ ਹਰਗਿਜ਼ ਨਹੀਂ ਸੜ ਸਕਦੀ।" ਦੀਵਾਨ ਦਰਗਹ ਮੱਲ ਦੀ ਇਸ ਗੱਲ 'ਤੇ ਤਸੱਲੀ ਨਾ ਹੋਈ। ਉਸ ਨੇ ਗੁਰਦਾਸ ਬਹਿਲੋ ਅਤੇ ਭਾਈ ਕਲਿਆਣਾ ਨਾਲ ਵਿਚਾਰ ਕਰ ਕੇ ਇਹ ਸਾਰਾ ਹਾਲ ਇਕ ਖ਼ਤ ਵਿਚ ਲਿਖ ਕੇ ਭਾਈ ਦਰੀਆ ਦੇ ਹੱਥ ਕੀਰਤਪੁਰ ਭੇਜ ਦਿੱਤਾ। ਜਦੋਂ ਗੁਰੂ ਸਾਹਿਬ ਜੀ ਨੂੰ ਇਹ ਚਿੱਠੀ ਮਿਲੀ ਤਾਂ ਉਨ੍ਹਾਂ ਨੇ ਇਸ ਦੇ ਜਵਾਬ ਵਿਚ ਰਾਮ ਰਾਇ ਨੂੰ ਹੁਕਮਨਾਮਾ ਲਿਖ ਭੇਜਿਆ ਕਿ ਉਸ ਨੂੰ ਪੰਥ ਵਿੱਚੋਂ ਛੇਕਿਆ ਜਾਂਦਾ ਹੈ ਤੇ ਉਹ ਮੁੜ ਕੇ ਕੀਰਤਪੁਰ ਨਾ ਆਵੇ। ਜਦੋਂ ਇਸ ਹੁਕਮਨਾਮੇ ਬਾਰੇ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਸ ਨੇ ਰਾਮ ਰਾਇ ਨੂੰ ਪੂਰੀ ਮਦਦ ਦੇਣ ਦਾ ਵਾਅਦਾ ਕੀਤਾ।

ਇਸ ਮਗਰੋਂ ਰਾਮ ਰਾਇ ਪੰਜਾਬ ਵੱਲ ਚੱਲ ਪਿਆ, ਪਰ ਉਹ ਕੀਰਤਪੁਰ ਜਾਣ ਦੀ ਬਜਾਇ ਕੋਟ ਪਠਾਣਾਂ ਤੋਂ ਲਾਹੌਰ ਵੱਲ ਚਲਾ ਗਿਆ। ਜਦੋਂ ਲਾਹੌਰ ਦੇ ਸਿੱਖਾਂ ਨੂੰ ਰਾਮ ਰਾਇ ਦੇ ਪੰਥ 'ਚੋਂ ਖ਼ਾਰਜ ਕਰਨ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ਮੂੰਹ ਨਾ ਲਾਇਆ। ਇਕ ਤਵਾਰੀਖ਼ੀ ਸੋਮੇ ਮੁਤਾਬਿਕ ਮਗਰੋਂ ਰਾਮ ਰਾਇ ਨੇ ਗੁਰੂ ਸਾਹਿਬ ਤੋਂ ਮੁਆਫ਼ੀ ਮੰਗ ਲਈ। ਇਸ ਮੁਤਾਬਿਕ ਗੁਰੂ ਸਾਹਿਬ ਨੇ ਰਾਮ ਰਾਇ ਨੂੰ ਕੀਰਤਪੁਰ ਆਉਣ ਦੀ ਇਜਾਜ਼ਤ ਤਾਂ ਦੇ ਦਿੱਤੀ ਪਰ ਨਾਲ ਹੀ ਐਲਾਨ ਕਰ ਦਿੱਤਾ ਕਿ ਉਸ ਨੂੰ ਗੁਰ-ਗੱਦੀ ਹਾਸਿਲ ਨਹੀਂ ਹੋ ਸਕੇਗੀ। ਜ਼ਰਾ-ਮਾਸਾ ਵੀ ਕੁਤਾਹੀ ਕਰਨ ਵਾਲਾ ਇਸ ਸੇਵਾ ਦੇ ਕਾਬਿਲ ਨਹੀਂ ਹੋ ਸਕਦਾ। (ਮਗਰੋਂ ਰਾਮ ਰਾਇ ਬਿਲਾਸਪੁਰ

ਵੀ ਗਿਆ ਤੇ ਅਖ਼ੀਰ ਫੇਰ ਔਰੰਗਜ਼ੇਬ ਕੋਲ ਚਲਾ ਗਿਆ। ਔਰੰਗਜ਼ੇਬ ਨੇ ਉਸ ਦੀ ਪਿੱਠ ਠੋਕੀ ਅਤੇ ਨਾਲ ਪਿੰਡ ਖੁਰਵੱਧੀ (ਹੁਣ ਡੇਹਰਾਦੂਨ) ਵਿਚ ਜਗੀਰ ਵੀ ਦੇ ਦਿੱਤੀ। ਭਾਈ ਬਹਿਲੋ ਦੇ ਪੁੱਤਰ ਗੁਰਦਾਸ ਤੇ ਤਾਰਾ ਅਤੇ ਦਿੱਲੀ ਦਾ ਗੁਰਬਖ਼ਸ਼ ਰਾਮ ਰਾਇ ਦੇ ਨਾਲ ਰਲ ਗਏ ਤੇ ਇਹ ਸਾਰੇ ਦੂਨ ਘਾਟੀ ਦੇ ਪਿੰਡ ਖੁਰਵੱਧੀ ਵਿਚ ਡੇਰਾ ਬਣਾ ਕੇ ਰਹਿਣ ਲੱਗ ਪਏ। ਇਸੇ ਡੇਰੇ ਕਰ ਕੇ ਇਸ ਜਗ੍ਹਾ ਦਾ ਨਾਂ ਡੇਹਰਾਦੂਨ ਪੈ ਗਿਆ।)

ਗੁਰੂ ਹਰਿਕ੍ਰਿਸ਼ਨ ਸਾਹਿਬ ਵੇਲੇ ਕੀਰਤਪੁਰ

ਜਦੋਂ ਰਾਮ ਰਾਇ ਦੂਜੀ ਵਾਰ ਦਿੱਲੀ ਗਿਆ ਅਤੇ ਔਰੰਗਜ਼ੇਬ ਨਾਲ ਸਾਂਝ ਪਾ ਲਈ ਸੀ ਤਾਂ ਗੁਰੂ ਹਰਿ ਰਾਇ ਸਾਹਿਬ ਨੇ ਹੁਕਮਨਾਮਾ ਜਾਰੀ ਕਰ ਦਿੱਤਾ ਸੀ ਕਿ ਉਹ ਇਸ ਮਗਰੋਂ ਰਾਮ ਰਾਇ ਦਾ ਮੂੰਹ ਨਹੀਂ ਵੇਖਣਗੇ। ਅਜੇ ਰਾਮ ਰਾਇ ਦਿੱਲੀ ਵਿਚ ਸੀ ਕਿ ਗੁਰੂ ਹਰਿ ਰਾਇ ਸਾਹਿਬ ਨੂੰ ਅਕਾਲ ਪੁਰਖ ਦਾ ਬੁਲਾਵਾ ਆ ਗਿਆ। ਉਨ੍ਹਾਂ ਨੇ 5 ਅਕਤੂਬਰ 1661 ਦੇ ਦਿਨ ਆਪਣੇ ਛੋਟੇ ਬੇਟੇ (ਗੁਰੂ) ਹਰਿਕ੍ਰਿਸ਼ਨ ਸਾਹਿਬ ਨੂੰ ਅਠਵੇਂ ਨਾਨਕ ਥਾਪ ਦਿੱਤਾ ਅਤੇ ਅਗਲੇ ਦਿਨ 6 ਅਕਤੂਬਰ ਨੂੰ ਜੋਤੀ ਜੋਤਿ ਸਮਾ ਗਏ। ਇਸ ਵੇਲੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਉਮਰ 9 ਸਾਲ 2 ਮਹੀਨੇ ਤੇ 15 ਦਿਨ ਸੀ (ਕੁਝ ਲੇਖਕਾਂ ਦੇ ਭੁਲੇਖੇ ਨਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ 1656 ਦਾ ਲਿਖਿਆ ਹੈ ਤੇ ਇਸੇ ਕਰ ਕੇ ਉਹ ਗੁਰਗੱਦੀ ਵੇਲੇ ਉਨ੍ਹਾਂ ਦੀ ਉਮਰ 5 ਸਾਲ ਮੰਨਦੇ ਹਨ। ਅਜਿਹੇ ਭੁਲੇਖੇ ਛੇਵੇਂ ਤੇ ਦਸਵੇਂ ਨਾਨਕ ਦੇ ਜਨਮ ਬਾਰੇ ਵੀ ਪਾਏ ਹੋਏ ਹਨ)।

ਗੁਰੂ ਹਰਿ ਰਾਇ ਸਾਹਿਬ ਦੀ ਅੰਤਿਮ ਰਸਮ ਵਜੋਂ (ਗੁਰੂ) ਗ੍ਰੰਥ ਸਾਹਿਬ ਦੇ ਸਹਿਜ ਪਾਠ ਦਾ ਭੋਗ 22 ਅਕਤੂਬਰ 1661 ਦੇ ਦਿਨ ਪਾਇਆ ਗਿਆ। ਇਸ ਮੌਕੇ 'ਤੇ ਸਾਰੇ ਪਾਸਿਆਂ ਤੋਂ ਸੰਗਤਾਂ ਪੁੱਜੀਆਂ ਹੋਈਆਂ ਸਨ। ਇਨ੍ਹਾਂ ਵਿਚ ਦਿੱਲੀ ਦੇ ਭਾਈ ਨਾਨੂੰ ਰਾਮ ਦਿਲਵਾਲੀ, ਭਾਈ ਆਗਿਆ ਰਾਮ (ਪਿਤਾ ਭਾਈ ਜੀਵਨ ਸਿੰਘ ਰੰਘਰੇਟਾ) ਤੋਂ ਇਲਾਵਾ ਕਸ਼ਮੀਰ, ਹਿਮਾਂਚਲ, ਰਾਜਪੂਤਾਨਾ, ਮੱਧ ਭਾਰਤ, ਅਫ਼ਗਾਨਿਸਤਾਨ ਅਤੇ ਹੋਰ ਕਈ ਪਾਸਿਆਂ ਦੀਆਂ ਸੰਗਤਾਂ ਵੀ ਸਨ। ਜਿਨ੍ਹਾਂ ਸਿੱਖਾਂ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਦੇਰ ਨਾਲ ਮਿਲੀ, ਉਹ ਬਾਅਦ ਵਿਚ ਵੀ ਕੀਰਤਪੁਰ ਆਉਂਦੇ ਰਹੇ। ਇੰਝ ਕਈ ਹਫ਼ਤਿਆਂ ਤਕ ਲੋਕ ਗੁਰੂ ਹਰਿ ਰਾਇ ਸਾਹਿਬ ਨੂੰ ਚੇਤੇ ਕਰਨ ਅਤੇ ਅਠਵੇਂ ਨਾਨਕ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਆਉਂਦੇ ਰਹੇ।

ਇਸ ਵੇਲੇ ਕੀਰਤਪੁਰ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਤੋਂ ਇਲਾਵਾ ਉਨ੍ਹਾਂ ਦੀ ਭੈਣ ਬੀਬੀ ਰੂਪ ਕੌਰ ਵੀ ਰਹਿ ਰਹੇ ਸਨ। ਇਸ ਦੇ ਨਾਲ ਨਾਲ ਬਾਬਾ ਸੂਰਜ ਮੱਲ (ਪੁੱਤਰ ਗੁਰੂ ਹਰਿਗੋਬਿੰਦ ਸਾਹਿਬ) ਦਾ ਪਰਿਵਾਰ ਵੀ ਰਹਿੰਦਾ ਸੀ। ਗੁਰੂ ਹਰਿ ਰਾਇ ਸਾਹਿਬ ਦਾ ਜੋਤੀ ਜੋਤਿ ਸਮਾਉਣਾ ਸੁਣ ਕੇ ਉਨ੍ਹਾਂ ਦਾ ਵੱਡਾ ਭਰਾ ਧੀਰ ਮੱਲ ਵੀ ਕਰਤਾਰਪੁਰ ਤੋਂ ਆਇਆ ਹੋਇਆ ਸੀ। ਇੰਝ ਮੁੱਖ ਤੌਰ 'ਤੇ ਤਿੰਨ ਪਰਿਵਾਰਾਂ ਦੇ ਜੀਅ ਉਥੇ ਰਹਿ ਰਹੇ ਸਨ: ਮਾਤਾ ਨਾਨਕੀ ਦਾ ਪਰਿਵਾਰ, ਬਾਬਾ ਗੁਰਦਿੱਤਾ

ਦਾ ਪਰਿਵਾਰ ਅਤੇ ਬਾਬਾ ਸੂਰਜ ਮੱਲ ਦਾ ਪਰਿਵਾਰ। ਬਾਬਾ ਗੁਰਦਿੱਤਾ ਜੀ ਦੇ ਪਰਿਵਾਰ ਵਿਚ ਉਨ੍ਹਾਂ ਦੀ ਪਤਨੀ ਮਾਤਾ ਬਸੀ, ਗੁਰੂ ਹਰਿ ਰਾਇ ਸਾਹਿਬ ਦੀ ਪਤਨੀ ਮਾਤਾ ਸੁਲੱਖਣੀ, ਰਾਮ ਰਾਇ, ਬੀਬੀ ਰੂਪ ਕੌਰ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਸਨ। ਬਾਬਾ ਸੂਰਜ ਮੱਲ ਪਰਿਵਾਰ ਵਿੱਚੋਂ ਬਾਬਾ ਸੂਰਜ ਮੱਲ, ਉਨ੍ਹਾਂ ਦੀ ਮਾਤਾ ਮਹਾਂਦੇਵੀ, ਪਤਨੀ (ਮਾਤਾ) ਹਰੀ, ਦੋ ਬੇਟੇ ਦੀਪ ਚੰਦ ਤੇ ਨੰਦ ਚੰਦ ਤੇ ਬੇਟੀ ਨੰਦ ਕੌਰ ਸਨ। ਹੁਣ ਬਾਬਾ ਗੁਰਦਿੱਤਾ ਦਾ ਵੱਡਾ ਬੇਟਾ ਧੀਰ ਮੱਲ ਵੀ ਪਰਿਵਾਰ ਸਣੇ ਉਥੇ ਆ ਗਿਆ ਸੀ। (ਗੁਰੂ) ਤੇਗ਼ ਬਹਾਦਰ ਸਾਹਿਬ ਵੀ ਉਨ੍ਹੀਂ ਦਿਨੀਂ ਕੀਰਤਪੁਰ ਵਿਚ ਆਏ ਹੋਏ ਸਨ। ਪਹਿਲੋਂ, ਗੁਰੂ ਹਰਿ ਰਾਇ ਸਾਹਿਬ ਦੇ ਉਥੇ ਹੁੰਦਿਆਂ ਉਹ 8 ਜੂਨ 1656 ਦੇ ਦਿਨ ਹਰਿਦੁਆਰ, ਪ੍ਰਯਾਗ (ਅਲਾਹਾਬਾਦ), ਪਟਨਾ ਵਗ਼ੈਰਾ ਦੇ ਦੌਰੇ 'ਤੇ ਇਥੋਂ ਚਲੇ ਗਏ ਸਨ। ਉਨ੍ਹਾਂ ਨਾਲ ਹਰਿਦੁਆਰ ਤਕ ਤਾਂ ਮਾਤਾ ਨਾਨਕੀ, ਮਾਤਾ ਬਸੀ, ਮਾਤਾ ਗੁਜਰੀ, ਬਾਲੂ ਹਸਨਾ, ਬਾਵਾ ਅਲਮਸਤ, ਮਾਮਾ ਕ੍ਰਿਪਾਲ ਚੰਦ, ਦੀਵਾਨ ਦਰਗਹ ਮੱਲ, ਜੀਜਾ ਸਾਧੂ ਰਾਮ ਖੋਸਲਾ, ਦੁਰਗਾ ਦਾਸ ਚੌਹਾਨ, ਭਾਈ ਦਰੀਆ, ਭਾਈ ਦਿਆਲ ਦਾਸ (ਭਰਾ ਭਾਈ ਮਨੀ ਸਿੰਘ), ਭਾਈ ਚਉਪਤਿ ਰਾਏ ਤੇ ਕਈ ਹੋਰ ਸਿੱਖ ਵੀ ਸ਼ਾਮਿਲ ਹੋਏ ਸਨ। ਇਸ ਸਬੰਧ ਵਿਚ *ਭੱਟ ਵਹੀ ਤਲਉਂਢਾ* ਵਿਚ ਇਕ ਇੰਦਰਾਜ ਇਉਂ ਮਿਲਦਾ ਹੈ :

> "(ਗੁਰੂ) ਤੇਗ਼ ਬਹਾਦਰ ਜੀ, ਬੇਟਾ ਗੁਰੂ ਹਰਿਗੋਬਿੰਦ ਜੀ ਮਹਲ ਛਟੇ ਕਾ, ਪੋਤਾ ਗੁਰੂ ਅਰਜਨ ਕਾ, ਸੋਢੀ ਖੱਤਰੀ, ਬਾਸੀ ਕੀਰਤਪੁਰ, ਪਰਗਣਾ ਕਹਿਲੂਰ, ਸੰਮਤ ਸਤਰਾਂ ਸੈ ਤੇਰਾਂ, ਅਸਾਢ ਪਰਵਿਸ਼ਟੇ ਗਿਆਰਾਂ ਤੀਰਥ ਯਾਤਰਾ ਜਾਨੇ ਕੀ ਤਿਆਰੀ ਕੀ। ਗੈਲੋਂ ਮਾਤਾ ਨਾਨਕੀ ਜੀ ਆਈ ਇਸਤਰੀ ਗੁਰੂ ਹਰਿਗੋਬਿੰਦ ਜੀ ਕੀ, ਮਾਤਾ ਨੱਤੀ ਜੀ ਆਈ ਇਸਤਰੀ (ਗੁਰੂ) ਗੁਰਦਿਤਾ ਜੀ ਕੀ, ਮਾਤਾ ਹਰੀ ਜੀ ਆਈ ਇਸਤਰੀ (ਗੁਰੂ) ਸੂਰਜ ਮੱਲ ਕੀ, ਬਾਵਾ ਬਾਲੂ ਹਸਨਾ ਤੇ ਬਾਵਾ ਅਲਮਸਤ ਆਏ, ਚੇਲੇ (ਗੁਰੂ) ਗੁਰਦਿਤਾ ਜੀ ਕੇ। ਮਾਤਾ ਗੁਜਰੀ ਜੀ ਆਈ ਇਸਤਰੀ (ਗੁਰੂ) ਤੇਗ਼ ਬਹਾਦਰ ਜੀ ਕੀ। ਕ੍ਰਿਪਾਲ ਚੰਦ ਆਇਆ ਬੇਟਾ ਬਾਬਾ ਲਾਲ ਚੰਦ ਸੁਭਿੱਖੀ ਕਾ, ਦੀਵਾਨ ਦਰਗਹ ਮੱਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਬ੍ਰਾਹਮਨ ਕਾ, ਸਾਧੂ ਰਾਮ ਆਇਆ ਬੇਟਾ ਧਰਮ ਚੰਦ ਖੋਸਲੇ ਕਾ, ਦੁਰਗਾ ਦਾਸ ਆਇਆ ਬੇਟਾ ਪਦਮ ਰਾਇ ਹਜਾਵਤ ਚੌਹਾਨ ਕਾ, ਦਰੀਆ ਆਇਆ ਬੇਟਾ ਮੂਲ ਚੰਦ ਜਲ੍ਹਾਨੇ ਪੁਆਰ ਕਾ, ਦਿਆਲ ਦਾਸ ਆਇਆ ਬੇਟਾ ਮਾਈ ਦਾਸ ਪੁਆਰ ਬਲਊਂਤ ਕਾ, ਚਉਪਤਿ ਰਾਇ ਆਇਆ ਬੇਟਾ ਪੈਰਾ ਰਾਮ ਛਿਬਰ ਕਾ। ਹੋਰ ਸਿੱਖ ਫਕੀਰ ਆਏ।"
>
> *(ਭੱਟ ਵਹੀ ਤਲਉਂਢਾ, ਪਰਗਣਾ ਜੀਂਦ)*

ਗੁਰੂ ਹਰਿ ਰਾਇ ਸਾਹਿਬ ਦੇ ਭੋਗ ਮਗਰੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ ਦੀ ਸੇਵਾ ਨਿਭਾਉਣ ਲੱਗੇ। ਇਸ ਵੇਲੇ (ਗੁਰੂ) ਤੇਗ਼ ਬਹਾਦਰ ਸਾਹਿਬ ਅਜੇ ਪਟਨਾ ਸਾਹਿਬ ਵਿਚ ਹੀ ਸਨ। ਉਨ੍ਹਾਂ ਨੂੰ ਉਸ ਇਲਾਕੇ ਵਿਚ ਗਿਆਂ ਨੂੰ ਪੰਜ ਸਾਲ ਤੋਂ

ਵੱਧ ਹੋ ਚੁੱਕੇ ਸਨ। ਗੁਰੂ ਹਰਿ ਰਾਇ ਸਾਹਿਬ 6 ਅਕਤੂਬਰ 1661 ਦੇ ਦਿਨ ਜੋਤੀ ਜੋਤਿ ਸਮਾਏ ਸਨ। ਇਸ ਤੋਂ 2 ਮਹੀਨੇ 12 ਦਿਨ ਮਗਰੋਂ (ਗੁਰੂ) ਤੇਗ਼ ਬਹਾਦਰ ਸਾਹਿਬ ਦੇ ਘਰ (ਗੁਰੂ) ਗੋਬਿੰਦ ਦਾਸ (ਸਿੰਘ) ਦਾ ਜਨਮ ਪਟਨਾ ਵਿਚ ਹੋਇਆ ਸੀ। ਮਗਰੋਂ ਕਿਸੇ ਲੇਖਕ ਦੀ ਗ਼ਲਤੀ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ 1666 ਵਿਚ ਹੋਣਾ ਮਸ਼ਹੂਰ ਹੋ ਗਿਆ, ਹਾਲਾਂਕਿ ਭੱਟ ਵਹੀਆਂ ਅਤੇ ਕਈ ਹੋਰ ਸੋਮਿਆਂ ਵਿਚ ਗੁਰੂ ਸਾਹਿਬ ਦੇ ਜਨਮ ਸਬੰਧੀ ਇੰਦਰਾਜ ਮਿਲਦੇ ਹਨ:

> "(ਗੁਰੂ) ਗੋਬਿੰਦ ਦਾਸ ਬੇਟਾ ਗੁਰੂ ਤੇਗ਼ ਬਹਾਦਰ ਮਹਲ ਨਾਮਾਂ ਕਾ, ਪੋਤਾ ਗੁਰੂ ਹਰਿਗੋਬਿੰਦ ਜੀ ਕਾ, ਸੋਢੀ ਖਤਰੀ ਬਾਸੀ ਪਟਨਾ ਸ਼ਹਿਰ ਤਟ ਨਦੀ ਜਮਨਾ, ਸੰਮਤ ਸਤਰਾਂ ਸੈ ਅਠਾਰਾਂ, ਪੋਖ ਮਾਸੇ ਸੁਦੀ ਸਪਤਮੀ ਬੁਧਵਾਰ ਦੇ ਦਿਹੁੰ, ਢਲੀ ਰੈਨ ਜਨਮ ਹੂਆ ਦਿਹੁੰ ਚਢੇ। ਮਾਤਾ ਨਾਨਕੀ ਜੀ ਨੇ ਗਰੀਬ ਗੁਰਬੇ ਕੋ ਦਾਨ ਦੀਆ। ਰੈਣ ਪਈ ਦੀਪਮਾਲਾ ਹੁਈ। ਬੜਾ ਕੌਤੂਹਲ ਹੂਆ। ਕਾਈ ਵਾਰਾ ਪਾਰ ਨਹੀਂ ਸੀ ਆਇ ਰਿਹਾ। ਗੁਰੂ ਗੁਰੂ ਜਪਣਾ, ਨਾਮ ਸਉਰੈਗਾ, ਗੁਰੂ ਹਰਿ ਥਾਇੰ ਸਹਾਈ ਹੋਗੁ।"
>
> *(ਭੱਟ ਵਹੀ ਪੂਰਬੀ ਦੱਖਣੀ)*

(ਗੁਰੂ) ਤੇਗ਼ ਬਹਾਦਰ ਸਾਹਿਬ ਨੂੰ ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ 1664 ਵਿਚ ਮਿਲੀ ਸੀ। ਖ਼ਬਰ ਮਿਲਦਿਆਂ ਹੀ ਉਹ ਪਟਨਾ ਤੋਂ ਪੰਜਾਬ ਵੱਲ ਰਵਾਨਾ ਹੋ ਗਏ। ਆਪ ਨੇ ਆਪਣੀ ਮਾਤਾ ਨਾਨਕੀ, ਪਤਨੀ ਮਾਤਾ ਗੁਜਰੀ ਤੇ ਬੇਟੇ (ਗੁਰੂ) ਗੋਬਿੰਦ ਦਾਸ (ਸਿੰਘ) ਨੂੰ ਪਟਨਾ ਵਿਚ ਹੀ ਰਹਿਣ ਦਿੱਤਾ ਤੇ ਆਪ ਇਕੱਲੇ ਹੀ ਪੰਜਾਬ ਵੱਲ ਟੁਰ ਪਏ।

ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਕੀਰਤਪੁਰ ਸਾਹਿਬ ਵਿਚ ਆਉਣ ਵਾਲੀਆਂ ਸੰਗਤਾਂ ਵਾਸਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਬਾਕਾਇਦਾ ਦੀਵਾਨ ਸਜਾਇਆ ਕਰਦੇ ਸਨ। ਤਖ਼ਤ ਸਾਹਿਬ ਤੋਂ ਅਕਾਲ ਤਖ਼ਤ ਸਾਹਿਬ ਦੇ ਫ਼ਰਜ਼ ਨਿਭਾਏ ਜਾਇਆ ਕਰਦੇ ਸਨ। ਦਰਬਾਰ ਦੀ ਸਾਰੀ ਕਾਰਵਾਈ ਦੀਵਾਨ ਦਰਗਹ ਮੱਲ ਤੇ ਭਾਈ ਮਨੀ ਰਾਮ (ਸਿੰਘ) ਚਲਾਇਆ ਕਰਦੇ ਸਨ।

ਧੀਰ ਮੱਲ ਦਾ ਬਕਾਲਾ ਜਾਣਾ

1661 ਵਿਚ ਬਾਬਾ ਸੂਰਜ ਮੱਲ ਦਾ ਪਰਿਵਾਰ ਵੀ ਗੁਰੂ ਹਰਿ ਰਾਇ ਸਾਹਿਬ ਗੁਰੂ ਹਰਿਕ੍ਰਿਸ਼ਨ ਸਾਹਿਬ ਵਾਲੇ ਘਰ (ਹੁਣ ਗੁਰਦੁਆਰਾ ਹਰਿਮੰਦਰ ਸਾਹਿਬ) ਵਿਚ ਰਹਿ ਰਿਹਾ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਪਟਨਾ ਵਿਚ ਸਨ। ਧੀਰ ਮੱਲ, ਜੋ ਗੁਰੂ ਹਰਿ ਰਾਇ ਸਾਹਿਬ ਦੀ ਅਰਦਾਸਿ ਵਿਚ ਸ਼ਾਮਿਲ ਹੋਣ ਆਇਆ ਹੋਇਆ ਸੀ, ਵੀ ਉਦੋਂ ਉਥੇ ਰਹਿ ਰਿਹਾ ਸੀ। ਮਾਰਚ 1662 ਵਿਚ ਧੀਰ ਮੱਲ ਦਾ ਸਹੁਰਾ ਬੀਰ ਭਾਨ (ਜੋ ਬਕਾਲਾ ਦਾ ਵਾਸੀ ਸੀ) ਕੀਰਤਪੁਰ ਆਇਆ। ਬੀਰ ਭਾਨ ਨੇ ਆਪਣੇ ਜੁਆਈ ਧੀਰ ਮੱਲ ਤੇ ਧੀ ਗੋਮਾ ਦੇਵੀ ਨੂੰ ਬਕਾਲੇ ਲਿਜਾਣ ਦੀ ਖ਼ਾਹਿਸ਼ ਜ਼ਾਹਿਰ

ਕੀਤੀ। ਦਰਅਸਲ, ਧੀਰ ਮੱਲ ਜਾਂ ਰਾਮ ਰਾਇ ਦੀ ਕੀਰਤਪੁਰ ਵਿਚ ਕੋਈ ਪੁੱਛ ਪੜਤਾਲ ਨਹੀਂ ਸੀ। ਉਨ੍ਹਾਂ ਨੂੰ ਦਰਬਾਰ ਵਲੋਂ ਕੋਈ ਵੀ ਸੇਵਾ ਨਹੀਂ ਸੀ ਸੌਂਪੀ ਹੋਈ। ਉਹ ਦੋਵੇਂ ਉਥੇ ਸਿਰਫ਼ ਲੰਗਰ ਛਕਣ ਤੇ ਆਰਾਮ ਕਰਨ ਦੀ ਕਾਰਵਾਈ ਹੀ ਕਰਿਆ ਕਰਦੇ ਸਨ। ਉਹ ਦੋਵੇਂ ਸਿੱਖੀ-ਸੇਵਾ ਤੋਂ ਇਸ ਕਰ ਕੇ ਮਹਿਰੂਮ ਰੱਖੇ ਗਏ ਸਨ, ਕਿਉਂਕਿ ਉਨ੍ਹਾਂ ਨੇ ਪੰਥਕ ਰਸਤੇ ਨੂੰ ਛੱਡ ਦਿੱਤਾ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ (ਜਲੰਧਰ) ਤੋਂ ਕੀਰਤਪੁਰ ਆਏ ਸਨ ਤਾਂ ਧੀਰ ਮੱਲ ਨੇ ਆਉਣ ਤੋਂ ਨਾਂਹ ਕਰ ਦਿੱਤੀ ਸੀ। ਹੋਰ ਤਾਂ ਹੋਰ ਉਸ ਦੇ ਭਰਾ ਗੁਰੂ ਹਰਿ ਰਾਏ ਸਾਹਿਬ ਸਤਵੇਂ ਨਾਨਕ ਬਣੇ ਸਨ ਤਾਂ ਵੀ ਉਸ ਨੇ ਕੀਰਤਪੁਰ ਵੱਲ ਮੂੰਹ ਨਹੀਂ ਸੀ ਕੀਤਾ। ਹੁਣ ਵੀ ਉਹ ਕੀਰਤਪੁਰ ਸਿਰਫ਼ ਇਸੇ ਕਰ ਕੇ ਆਇਆ ਸੀ ਕਿ ਸ਼ਾਇਦ ਉਸ ਨੂੰ ਗੁਰੂ ਦਰਬਾਰ ਵਿਚ, ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਤਾਇਆ ਹੋਣ ਕਰ ਕੇ, ਕੁਝ ਥਾਂ ਮਿਲ ਸਕੇ। ਦੂਜੇ ਪਾਸੇ, ਰਾਮ ਰਾਇ ਨੂੰ ਤਾਂ ਗੁਰੂ ਹਰਿ ਰਾਇ ਸਾਹਿਬ ਖ਼ੁਦ ਗੁਰਗੱਦੀ ਤੋਂ ਮਹਿਰੂਮ ਕਰ ਗਏ ਸਨ। ਇਸ ਹਾਲਤ ਵਿਚ ਗੁਰੂ ਹਰਿਕ੍ਰਿਸ਼ਨ ਜਾਂ ਮਾਤਾ ਬਸੀ ਵਲੋਂ ਉਸ ਨੂੰ ਕੋਈ ਸੇਵਾ ਸੰਭਾਲਣ ਦਾ ਸਵਾਲ ਹੀ ਪੈਂਦਾ ਨਹੀਂ ਸੀ ਹੁੰਦਾ।

ਇਸ ਸਾਰੇ ਮਾਹੌਲ ਨੂੰ ਵੇਖ ਕੇ ਧੀਰ ਮੱਲ ਦੇ ਸਹੁਰੇ ਨੇ ਇਹੀ ਬੇਹਤਰ ਸਮਝਿਆ ਕਿ ਉਹ ਆਪਣੇ ਜਵਾਈ ਤੇ ਧੀ ਨੂੰ ਬਕਾਲੇ ਲੈ ਜਾਵੇ। ਇਹ ਪਰਿਵਾਰ ਮਾਰਚ 1662 ਦੇ ਤੀਜੇ ਹਫ਼ਤੇ ਕੀਰਤਪੁਰ ਤੋਂ ਚੱਲ ਪਿਆ ਅਤੇ 23 ਮਾਰਚ 1662 ਦੇ ਦਿਨ ਬਕਾਲੇ ਪੁੱਜ ਗਿਆ। ਧੀਰ ਮੱਲ ਇਸ ਵੇਲੇ ਦੋ ਪੁੱਤਰਾਂ ਰਾਮ ਚੰਦ ਤੇ ਭਾਰ ਮੱਲ ਦਾ ਬਾਪ ਸੀ। ਉਸ ਨੇ ਬਕਾਲੇ ਪੁੱਜਣ ਮਗਰੋਂ ਉਥੇ ਆਪਣਾ ਡੇਰਾ ਚਲਾਉਣਾ ਸ਼ੁਰੂ ਕਰ ਦਿੱਤਾ।

ਧੀਰ ਮੱਲ ਦੇ ਜਾਣ ਮਗਰੋਂ ਕੀਰਤਪੁਰ ਵਿਚ ਬਾਬਾ ਗੁਰਦਿੱਤਾ ਜੀ ਦਾ ਪਰਿਵਾਰ ਤੇ ਬਾਬਾ ਸੂਰਜ ਮੱਲ ਦਾ ਪਰਿਵਾਰ ਹੀ ਪਿੱਛੇ ਰਹਿ ਗਿਆ ਸੀ। (ਗੁਰੂ) ਤੇਗ ਬਹਾਦਰ ਸਾਹਿਬ ਤਾਂ 1656 ਦੇ ਹੀ ਪੂਰਬ ਦੇ ਦੌਰੇ 'ਤੇ ਗਏ ਹੋਏ ਸਨ। ਪਿੱਛੋਂ ਉਨ੍ਹਾਂ ਦਾ ਘਰ ਖ਼ਾਲੀ ਪਿਆ ਹੋਇਆ ਸੀ।

ਬੀਬੀ ਰੂਪ ਕੌਰ ਦੀ ਸ਼ਾਦੀ

29 ਮਾਰਚ 1662 ਦੇ ਦਿਨ ਵਿਸਾਖ ਦੀ ਪਹਿਲੀ ਤਾਰੀਖ਼ ਸੀ। ਇਸ ਦਿਨ ਕੀਰਤਪੁਰ ਵਿਚ ਭਾਰੀ ਦੀਵਾਨ ਸਜਾਇਆ ਗਿਆ। ਹਜ਼ਾਰਾਂ ਸੰਗਤਾਂ ਦੂਰ-ਦੁਰਾਡਿਓਂ ਅਠਵੇਂ ਨਾਨਕ ਦੇ ਦਰਸ਼ਨ ਕਰਨ ਵਾਸਤੇ ਪੁੱਜੀਆਂ। ਇਸ ਮੌਕੇ 'ਤੇ ਦੀਵਾਨ ਦਰਗਹ ਮੱਲ, ਭਾਈ ਮਨੀ ਰਾਮ (ਸਿੰਘ), ਬਾਬਾ ਸੂਰਜ ਮੱਲ ਨੇ ਸੰਗਤਾਂ ਨੂੰ ਤਹਿ-ਦਿਲੋਂ 'ਜੀ ਆਇਆਂ' ਆਖਿਆ। ਮਾਤਾ ਬਸੀ, ਮਾਤਾ ਸੁਲੱਖਣੀ ਅਤੇ ਬੀਬੀ ਰੂਪ ਕੌਰ ਨੇ ਸੰਗਤਾਂ ਦੀ ਬੜੀ ਸੇਵਾ ਕੀਤੀ। ਇਸ ਮੌਕੇ 'ਤੇ ਆਈਆਂ ਸੰਗਤਾਂ ਵਿਚ ਸਿਆਲਕੋਟ ਦੇ ਇਕ ਪਿੰਡ ਪਸਰੂਰ ਦਾ ਭਾਈ ਪੈੜਾ ਮੱਲ ਵੀ ਸੀ। ਪੈੜਾ ਮੱਲ ਆਪਣੇ ਬੇਟੇ ਭਾਈ ਖੇਮ ਕਰਨ ਨਾਲ ਆਇਆ ਹੋਇਆ ਸੀ। ਭਾਈ ਖੇਮ ਕਰਨ ਬੜਾ ਖ਼ੂਬਸੂਰਤ ਨੌਜਵਾਨ ਸੀ। ਉਸ ਨੂੰ ਮਾਤਾ ਬਸੀ (ਪਤਨੀ ਬਾਬਾ ਗੁਰਦਿੱਤਾ ਤੇ ਦਾਦੀ ਗੁਰੂ ਹਰਿਕ੍ਰਿਸ਼ਨ ਸਾਹਿਬ) ਨੇ ਬੀਬੀ ਰੂਪ ਕੌਰ ਵਾਸਤੇ ਪਸੰਦ ਕਰ ਲਿਆ।

ਭਾਈ ਖੇਮ ਕਰਨ ਦੇ ਪਰਿਵਾਰ ਨੇ ਵੀ ਇਸ ਰਿਸ਼ਤੇ ਨੂੰ ਇਕਦਮ ਕਬੂਲ ਕਰ ਲਿਆ। ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਵੱਡੀ ਭੈਣ ਬੀਬੀ ਰੂਪ ਕੌਰ ਨੇ ਭਾਈ ਖੇਮ ਕਰਨ ਤੋਂ ਇਹ ਹਾਂ ਕਰਵਾ ਲਈ ਕਿ ਉਹ ਵਿਆਹ ਤੋਂ ਮਗਰੋਂ ਕੀਰਤਪੁਰ ਵਿਚ ਰਹਿਣਾ ਕਬੂਲ ਕਰੇਗਾ। ਕੁੜਮਾਈ ਤੋਂ ਸੱਤ ਮਹੀਨੇ ਮਗਰੋਂ, 4 ਨਵੰਬਰ 1662 ਦੇ ਦਿਨ, ਬੀਬੀ ਰੂਪ ਕੌਰ ਦਾ ਅਨੰਦ ਕਾਰਜ ਭਾਈ ਖੇਮ ਕਰਨ ਨਾਲ ਕੀਰਤਪੁਰ ਵਿਚ ਹੋ ਗਿਆ। ਭਾਈ ਖੇਮ ਕਰਨ ਦੀ ਬਾਰਾਤ ਵਿਚ ਸਿਆਲਕੋਟ ਦੇ ਇਲਾਕੇ ਦੇ ਸਾਰੇ ਮੋਹਤਬਰ ਸਿੱਖ ਸ਼ਾਮਿਲ ਹੋਏ ਸਨ। ਬੀਬੀ ਰੂਪ ਕੌਰ ਦੇ ਦਾਜ ਵਿਚ ਮਾਤਾ ਬਸੀ ਨੇ ਹੋਰ ਚੀਜ਼ਾਂ ਦੇ ਨਾਲ ਨਾਲ ਪੰਜ ਨਾਯਾਬ ਤੋਹਫ਼ੇ ਵੀ ਦਿੱਤੇ। ਇਹ ਪੰਜ ਸਨ: ਸੇਲੀ ਤੇ ਟੋਪੀ ਬਾਬਾ ਸ੍ਰੀਚੰਦ ਦੀ (ਜੋ ਉਨ੍ਹਾਂ ਬਾਬਾ ਗੁਰਦਿੱਤਾ ਨੂੰ ਭੇਟ ਕੀਤੀ ਹੋਈ ਸੀ), ਇਕ ਕਟਾਰ (ਜੋ ਗੁਰੂ ਹਰਿਗੋਬਿੰਦ ਸਾਹਿਬ ਦੀ ਸੀ), ਇਕ ਪੋਥੀ (ਇਸ ਪੋਥੀ ਬਾਰੇ ਵੇਰਵਾ ਵੱਖਰੀ ਥਾਂ 'ਤੇ ਦਿੱਤਾ ਗਿਆ ਹੈ), ਇਕ ਰੇਹਲ (ਜਿਸ 'ਤੇ ਪੋਥੀ ਦਾ ਪ੍ਰਕਾਸ਼ ਕੀਤਾ ਜਾਂਦਾ ਸੀ)।

ਬੀਬੀ ਰੂਪ ਕੌਰ ਦੀ ਡੋਲੀ ਕੀਰਤਪੁਰ ਤੋਂ ਚੱਲ ਕੇ ਸਤਲੁਜ, ਬਿਆਸ ਅਤੇ ਰਾਵੀ ਦਰਿਆ ਪਾਰ ਕਰ ਕੇ, ਪਸਰੂਰ ਨਗਰੀ ਜਾ ਪੁੱਜੀ। ਬੀਬੀ ਰੂਪ ਕੌਰ ਤਿੰਨ ਦਿਨ ਆਪਣੇ ਸਹੁਰੇ ਘਰ ਵਿਚ ਰਹੀ, ਜਿਥੇ ਪਰਿਵਾਰ ਅਤੇ ਸੰਬੰਧੀਆਂ ਨੇ ਸ਼ਗਨ ਮਨਾਏ ਤੇ ਹੋਰ ਰੀਤਾਂ-ਰਿਵਾਜ ਪੂਰੇ ਕੀਤੇ। ਚੌਥੇ ਦਿਨ ਬੀਬੀ ਰੂਪ ਕੌਰ ਤੇ ਭਾਈ ਖੇਮ ਕਰਨ ਕੀਰਤਪੁਰ ਵਾਸਤੇ ਚੱਲ ਪਏ। ਇਥੇ ਪੁੱਜਣ ਤੋਂ ਕੁਝ ਚਿਰ ਮਗਰੋਂ ਉਹ ਕੋਟ ਕਲਿਆਣਪੁਰ ਪਿੰਡ (ਜੋ ਹੁਣ ਕੀਰਤਪੁਰ ਦਾ ਹੀ ਇਕ ਹਿੱਸਾ ਹੈ) ਵਿਚ ਰਹਿਣ ਲੱਗ ਪਏ (ਬੀਬੀ ਰੂਪ ਕੌਰ ਦੇ ਘਰ ਵਾਲੀ ਜਗ੍ਹਾ 'ਤੇ ਅੱਜ-ਕਲ੍ਹ 'ਗੁਰਦੁਆਰਾ ਮੰਜੀ ਸਾਹਿਬ' ਬਣਿਆ ਹੋਇਆ ਹੈ)।

ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਦਿੱਲੀ ਜਾਣਾ

ਧੀਰ ਮੱਲ ਮਾਰਚ 1662 ਵਿਚ ਕੀਰਤਪੁਰ ਤੋਂ ਬਕਾਲਾ ਜਾ ਚੁੱਕਾ ਸੀ। ਪਰ ਰਾਮ ਰਾਏ ਕਾਫ਼ੀ ਦੇਰ ਤਕ ਕੀਰਤਪੁਰ ਰਿਹਾ। ਜਦੋਂ ਉਸ ਨੇ ਵੇਖਿਆ ਕਿ ਉਸ ਦੀ ਗੁਰੂ ਦਰਬਾਰ ਵਿਚ ਕੋਈ ਥਾਂ ਨਹੀਂ ਤਾਂ ਉਸ ਨੇ ਵੀ ਕੀਰਤਪੁਰ ਛੱਡਣ ਦਾ ਫ਼ੈਸਲਾ ਕਰ ਲਿਆ। ਬੀਬੀ ਰੂਪ ਕੌਰ ਦੇ ਵਿਆਹ ਤੋਂ ਕੁਝ ਚਿਰ ਮਗਰੋਂ ਉਹ ਵੀ ਦਿੱਲੀ ਚਲਾ ਗਿਆ। ਉਸ ਨੇ ਖੁਰਵੱਧੀ ਵਿਚ ਆਪਣਾ ਡੇਰਾ ਕਾਇਮ ਕਰ ਲਿਆ, ਪਰ ਉਹ ਦਿੱਲੀ ਵਿਚ ਔਰੰਗਜ਼ੇਬ ਦੇ ਦਰਬਾਰ ਵਿਚ ਵੀ ਅਕਸਰ ਹਾਜ਼ਰੀ ਭਰਦਾ ਰਹਿੰਦਾ ਸੀ। ਇਕ ਦਿਨ ਰਾਮ ਰਾਏ ਨੇ ਔਰੰਗਜ਼ੇਬ ਨੂੰ ਗੁਰਗੱਦੀ ਦੀ ਸਾਰੀ ਕਹਾਣੀ ਆਖ ਸੁਣਾਈ ਤੇ ਉਸ ਤੋਂ ਮਦਦ ਦੀ ਮੰਗ ਕੀਤੀ। ਔਰੰਗਜ਼ੇਬ ਨੇ ਰਾਮ ਰਾਏ ਦੀ ਮਦਦ ਕਰਨ ਦਾ ਫ਼ੈਸਲਾ ਕਰ ਲਿਆ। ਉਸ ਨੇ ਰਾਜਾ ਜੈ ਸਿੰਘ ਮਿਰਜ਼ਾ ਦੇ ਦੀਵਾਨ ਨੂੰ ਕੀਰਤਪੁਰ ਜਾ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਲਿਆਉਣ ਵਾਸਤੇ ਆਖਿਆ।

ਰਾਜਾ ਜੈ ਸਿੰਘ ਦਾ ਦੀਵਾਨ ਪਰਸ ਰਾਮ 6 ਮਾਰਚ 1664 ਦੇ ਦਿਨ ਰੱਥ ਲੈ ਕੇ ਕੀਰਤਪੁਰ ਪੁੱਜਾ। ਅਗਲੇ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਰੱਥ 'ਤੇ ਸਵਾਰ

ਹੋ ਕੇ ਦਿੱਲੀ ਵੱਲ ਚੱਲ ਪਏ। ਗੁਰੂ ਸਾਹਿਬ ਦੇ ਨਾਲ ਮਾਤਾ ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਹ ਮੱਲ, ਭਾਈ ਦਰੀਆ ਅਤੇ ਕਈ ਹੋਰ ਸਿੱਖ ਵੀ ਗਏ। ਆਪ ਕੀਰਤਪੁਰ ਤੋਂ ਚੱਲ ਕੇ ਰੋਪੜ, ਬਨੂੜ, ਰਾਜਪੁਰਾ, ਅੰਬਾਲਾ ਤੋਂ ਹੁੰਦੇ ਹੋਏ ਪੰਜੋਖੜਾ ਪੁੱਜੇ। ਉਨ੍ਹਾਂ ਦਿਨਾਂ ਵਿਚ ਦਿੱਲੀ ਜਾਣ ਵਾਲੀ ਟਕਸਾਲੀ ਸੜਕ ਇਧਰੋਂ ਹੀ ਲੰਘਿਆ ਕਰਦੀ ਸੀ।

ਪੰਜੋਖੜਾ ਵਿਚ ਗੁਰੂ ਸਾਹਿਬ ਨੇ ਪੰਡਤ ਲਾਲ ਚੰਦ ਦਾ ਮਾਣ ਤੋੜਿਆ। ਇਸ ਮਗਰੋਂ ਆਪ ਕੁਰਖੇਤਰ ਵੱਲ ਚੱਲ ਪਏ। ਪੰਜੋਖੜਾ ਦਾ ਪੰਡਤ ਲਾਲ ਚੰਦ ਅਤੇ ਭਾਈ ਛੱਜੂ ਰਾਮ ਵੀ ਆਪ ਦੇ ਨਾਲ ਹੀ ਚੱਲ ਪਏ। ਕੁਰਖੇਤਰ ਤੋਂ ਚੱਲ ਕੇ ਆਪ ਕਰਨਾਲ ਤੋਂ ਹੁੰਦੇ ਹੋਏ ਰਸੀਨਾ ਪਿੰਡ ਵਿਚ ਰਾਜਾ ਜੈ ਸਿੰਘ ਮਿਰਜ਼ਾ ਦੇ ਬੰਗਲੇ ਵਿਚ ਪੁੱਜ ਗਏ (ਅੱਜ-ਕਲ੍ਹ ਇਸ ਥਾਂ 'ਤੇ ਗੁਰਦੁਆਰਾ ਬੰਗਲਾ ਸਾਹਿਬ ਬਣਿਆ ਹੋਇਆ ਹੈ)।

ਰਾਜਾ ਜੈ ਸਿੰਘ ਮਿਰਜ਼ਾ ਦੇ ਘਰ ਵਿਚ ਉਸ ਦੀ ਬੇਗਮ ਮਾਤਾ ਪੁਸ਼ਪਾ ਰਾਣੀ ਨੇ ਗੁਰੂ ਸਾਹਿਬ ਦਾ ਇਮਤਿਹਾਨ ਲੈਣ ਦੀ ਕੋਸ਼ਿਸ਼ ਕੀਤੀ। ਅਖ਼ੀਰ ਉਸ ਨੇ ਗੁਰੂ ਸਾਹਿਬ ਦੀ ਅਜ਼ਮਤ ਅੱਗੇ ਸਿਰ ਝੁਕਾਇਆ ਅਤੇ ਗੁਰੂ ਸਾਹਿਬ ਦੀ ਚਰਨ ਪਾਹੁਲ ਲੈ ਕੇ ਸਿੱਖੀ ਕਬੂਲ ਕੀਤੀ।

(ਗੁਰੂ) ਤੇਗ਼ ਬਹਾਦਰ ਸਾਹਿਬ ਦਾ ਦਿੱਲੀ ਆਉਣਾ

ਇਕ ਪਾਸੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਪੁੱਜੇ ਅਤੇ ਦੂਜੇ ਪਾਸੇ (ਗੁਰੂ) ਤੇਗ਼ ਬਹਾਦਰ ਸਾਹਿਬ ਵੀ ਪਟਨਾ ਤੋਂ ਪੰਜਾਬ ਜਾਂਦੇ-ਜਾਂਦੇ ਦਿੱਲੀ ਰੁਕੇ। (ਗੁਰੂ) ਤੇਗ਼ ਬਹਾਦਰ ਸਾਹਿਬ 21 ਮਾਰਚ 1664 ਦੇ ਦਿਨ ਦਿੱਲੀ ਪੁੱਜੇ। ਅਗਲੇ ਦਿਨ ਉਨ੍ਹਾਂ ਦੀ ਮੁਲਾਕਾਤ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਹੋਈ। ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਆਉਣ ਵਾਲੇ ਸਮੇਂ ਦਾ ਇਲਹਾਮ ਸੀ, ਇਸ ਕਰ ਕੇ ਉਨ੍ਹਾਂ ਨੇ (ਗੁਰੂ) ਤੇਗ਼ ਬਹਾਦਰ ਸਾਹਿਬ ਨੂੰ ਨੌਵੇਂ ਨਾਨਕ ਵਜੋਂ ਗੁਰਗੱਦੀ ਸੰਭਾਲਣ ਵਾਸਤੇ ਤਿਆਰ ਰਹਿਣ ਵਾਸਤੇ ਆਖ ਦਿੱਤਾ। (ਗੁਰੂ) ਤੇਗ਼ ਬਹਾਦਰ ਸਾਹਿਬ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਨਾਲ 22 ਤੇ 23 ਮਾਰਚ 1664 ਦੇ ਦਿਨ ਰਾਜਾ ਜੈ ਸਿੰਘ ਮਿਰਜ਼ਾ ਦੇ ਬੰਗਲੇ 'ਤੇ ਰਹੇ ਅਤੇ ਅਗਲੇ ਦਿਨ ਬਕਾਲਾ ਵਾਸਤੇ ਟੁਰ ਪਏ। 25 ਮਾਰਚ ਦੇ ਦਿਨ ਗੁਰੂ ਹਰਿਕ੍ਰਿਸ਼ਨ ਸਾਹਿਬ ਤੇ ਔਰੰਗਜ਼ੇਬ ਵਿਚਕਾਰ ਮੁਲਾਕਾਤ ਹੋਈ। ਇਸ ਮੁਲਾਕਾਤ ਦਾ ਜ਼ਿਕਰ *ਭੱਟੀ ਵਹੀ ਤਲਉਂਢਾ* ਵਿਚ ਇੰਝ ਮਿਲਦਾ ਹੈ:

> "ਗੁਰੂ ਹਰਿਕ੍ਰਿਸ਼ਨ ਜੀ ਮਹਲ ਅੱਠਮਾਂ, ਬੇਟਾ ਗੁਰੂ ਹਰਿ ਰਾਇ ਜੀ ਕਾ, ਸਾਲ ਸਤਾਰਾਂ ਸੈ ਇਕ੍ਰੀਸ ਚੇਤਰ ਮਾਸੇ ਸ਼ੁਕਲਾ ਪੱਖੇ, ਥਿਤ ਨਾਮੀਂ ਗੁਰੂਵਾਰ ਕੇ ਦਿਹੁੰ, ਸਵਾ ਪਹਿਰ ਦਿਨ ਚੜ੍ਹੇ, ਪਾਲਕੀ ਤੇ ਸਵਾਰ ਹੋਇ ਦਿਹਲੀ ਬਾਦਸ਼ਾਹੀ ਦਰਬਾਰ ਮੇਂ ਆਏ। ਗੈਲੇ (ਗੁਰੂ) ਰਾਮ ਰਾਇ ਜੀ ਆਏ, ਬੇਟੇ ਗੁਰੂ ਹਰਿ ਰਾਇ ਜੀ ਮਹਲ ਸੱਤਮੇਂ ਕੇ। ਦੀਵਾਨ ਦਰਗਹ ਮਲ ਆਇਆ, ਬੇਟਾ ਦਵਾਰਕਾ ਦਾਸ ਛਿਬਰ ਕਾ। ਕੰਵਰ ਰਾਮ ਸਿੰਘ ਆਇਆ ਬੇਟਾ ਰਾਜਾ ਜੈ ਸਿੰਘ ਅੰਬੇਰੀ

ਕਾ। ਗੁਰਬਖ਼ਸ਼ ਆਇਆ ਬੇਟਾ ਬਾਘੇ ਛੀਪੇ ਕਾ। ਮਨੀ ਰਾਮ ਆਇਆ, ਬੇਟਾ ਮਾਈ ਦਾਸ ਜਲਹਾਨੇ ਕਾ। ਹੋਰ ਸਿੱਖ ਫ਼ਕੀਰ ਆਏ।"

(ਭੱਟ ਵਹੀ ਤਲਉਂਢਾ, ਪਰਗਣਾ-ਜੀਂਦ, ਖਾਤਾ ਜਲਹਾਨੇ ਖੁਆਰੋਂ ਕਾ)

ਜਿਹਾ ਕਿ ਜਾਪਦਾ ਸੀ, ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨਾਲ ਦੋ ਨੁਕਤਿਆਂ 'ਤੇ ਗੱਲਬਾਤ ਕੀਤੀ। ਉਸ ਨੇ ਪੁੱਛਿਆ ਕਿ ਤੁਹਾਡੇ ਵੱਡੇ ਭਰਾ ਰਾਮ ਰਾਏ ਨੂੰ ਨਜ਼ਰ-ਅੰਦਾਜ਼ ਕਰ ਕੇ ਗੁਰਗੱਦੀ ਤੁਹਾਨੂੰ ਕਿਉਂ ਦਿੱਤੀ ਗਈ? ਇਸ 'ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜਵਾਬ ਦਿੱਤਾ ਕਿ ਪਿਤਾ ਗੁਰੂ ਜੀ ਨੇ ਜਿਸ ਨੂੰ ਕਾਬਿਲ ਸਮਝਿਆ, ਗੱਦੀ ਦੇ ਦਿੱਤੀ। ਫਿਰ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਆਖਿਆ ਕਿ ਤੁਸੀਂ ਪੀਰ ਹੋ ਤੇ ਕੋਈ ਕਰਾਮਾਤ ਦਿਖਾਓ। ਔਰੰਗਜ਼ੇਬ ਨੇ ਗੁਰੂ ਜੀ ਨੂੰ ਆਖਿਆ ਕਿ ਭਲਕੇ ਫੇਰ ਦਰਸ਼ਨ ਦਿਓ, ਤੁਹਾਡੀ ਕਰਾਮਾਤ ਵੇਖਾਂਗੇ। ਇਸ ਮੁਖ਼ਤਸਰ ਮੁਲਾਕਾਤ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ ਫੇਰ ਰਾਜਾ ਜੈ ਸਿੰਹੁ ਦੇ ਬੰਗਲੇ 'ਤੇ ਆ ਗਏ।

ਬੰਗਲੇ 'ਤੇ ਪੁੱਜਦਿਆਂ ਹੀ ਗੁਰੂ ਸਾਹਿਬ ਨੇ ਐਲਾਨ ਕੀਤਾ ਕਿ ਹੁਣ ਮਲੇਛ (ਔਰੰਗਜ਼ੇਬ) ਨੂੰ ਦਰਸ਼ਨ ਨਹੀਂ ਦੇਣੇ। ਉਥੇ ਹਾਜ਼ਰ ਲੋਕ ਇਹ ਐਲਾਨ ਸੁਣ ਕੇ ਹੈਰਾਨ ਹੋ ਗਏ, ਕਿਉਂਕਿ ਉਨ੍ਹਾਂ ਮੁਤਾਬਿਕ ਇਸ ਨਾਲ ਔਰੰਗਜ਼ੇਬ ਅਤੇ ਸਿੱਖਾਂ ਵਿਚ ਟੱਕਰ ਹੋਣੀ ਲਾਜ਼ਮੀ ਸੀ। ਪਰ ਗੁਰੂ ਸਾਹਿਬ ਨੂੰ ਭਲਕ ਦਾ ਇਲਹਾਮ ਸੀ।

ਉਸੇ ਰਾਤ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬੁਖ਼ਾਰ ਹੋ ਗਿਆ ਤੇ ਅਗਲੀ ਭਲਕ ਨੂੰ ਹੀ ਚੇਚਕ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਅਗਲੇ ਚਾਰ ਦਿਨ ਗੁਰੂ ਸਾਹਿਬ ਬੁਖ਼ਾਰ ਤੇ ਚੇਚਕ ਕਰ ਕੇ ਬਿਸਤਰੇ ਵਿਚ ਹੀ ਪਏ ਰਹੇ। ਜਦੋਂ ਉਨ੍ਹਾਂ ਦਾ ਆਖ਼ਰੀ ਵੇਲਾ ਆ ਗਿਆ ਤਾਂ ਉਨ੍ਹਾਂ ਸੰਗਤਾਂ ਨੂੰ ਇਕੱਠੇ ਕਰ ਕੇ ਇਸ ਬਾਰੇ ਦੱਸ ਦਿੱਤਾ। ਜਦੋਂ ਸੰਗਤਾਂ ਨੇ ਉਨ੍ਹਾਂ ਨੂੰ ਗੁਰਗੱਦੀ ਦੇ ਵਾਰਿਸ ਬਾਰੇ ਪੁੱਛਿਆ ਤਾਂ ਉਨ੍ਹਾਂ ਆਖਿਆ ਕਿ ਨੌਵੇਂ ਗੁਰੂ 'ਬਾਬੇ ਬਕਾਲੇ' ਵਾਲੇ ਹੋਣਗੇ। ਉਸ ਵੇਲੇ ਤਕ (ਗੁਰੂ) ਤੇਗ ਬਹਾਦਰ ਸਾਹਿਬ ਬਕਾਲੇ ਪੁੱਜ ਚੁੱਕੇ ਸਨ।

ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਚਲਾਣਾ

(ਗੁਰੂ) ਤੇਗ ਬਹਾਦਰ ਸਾਹਿਬ (ਬਕਾਲੇ ਵਾਲੇ ਬਾਬੇ) ਨੂੰ ਨੌਵੇਂ ਨਾਨਕ ਐਲਾਨਣ ਮਗਰੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤਿ ਸਮਾ ਗਏ। ਆਪ ਦਾ ਚਲਾਣਾ 30 ਮਾਰਚ 1664 ਦੇ ਦਿਨ ਦੁਪਹਿਰ ਵੇਲੇ ਹੋਇਆ। ਗੁਰੂ ਸਾਹਿਬ ਦਾ ਸਸਕਾਰ 31 ਮਾਰਚ ਦੇ ਦਿਨ ਭੋਗਲਪੁਰ ਦੇ ਇਲਾਕੇ ਵਿਚ ਜਮਨਾ ਦਰਿਆ ਦੇ ਕੰਢੇ 'ਤੇ ਕਰ ਦਿੱਤਾ ਗਿਆ। ਇਸ ਮੌਕੇ 'ਤੇ ਗੁਰੂ ਸਾਹਿਬ ਦੇ ਦਾਦੀ ਮਾਤਾ ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਹ ਮੱਲ, ਰਾਮ ਰਾਇ, ਭਾਈ ਮਨੀ ਰਾਮ (ਸਿੰਘ), ਭਾਈ ਨਾਨੂੰ ਰਾਮ (ਸਿੰਘ) ਦਿਲਵਾਲੀ ਅਤੇ ਕੀਰਤਪੁਰ ਤੋਂ ਗੁਰੂ ਸਾਹਿਬ ਦੇ ਨਾਲ ਆਈ ਸੰਗਤ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸਿੱਖ ਸੰਗਤਾਂ ਹਾਜ਼ਰ ਸਨ। ਇਸ ਮਗਰੋਂ (ਗੁਰੂ) ਗ੍ਰੰਥ ਸਾਹਿਬ ਦਾ ਸਹਿਜ ਪਾਠ ਰਖਿਆ ਗਿਆ। ਇਸ ਤੋਂ ਬਾਅਦ

ਦੀਵਾਨ ਦਰਗਹ ਮੱਲ ਤੇ ਭਾਈ ਕਲਿਆਣਾ ਨੂੰ ਕੀਰਤਪੁਰ ਸਾਹਿਬ ਭੇਜਿਆ ਗਿਆ ਤਾਂ ਜੋ ਉਹ ਗੁਰੂ ਸਾਹਿਬ ਦੀ ਭੈਣ ਬੀਬੀ ਰੂਪ ਕੌਰ ਨੂੰ ਇਤਲਾਹ ਦੇ ਆਉਣ। ਉਹ ਦੋਵੇਂ ਕੀਰਤਪੁਰ ਵਿਚ ਇਤਲਾਹ ਦੇ ਕੇ ਬਕਾਲਾ ਗਏ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੀ ਖ਼ਬਰ ਦਿੱਤੀ ਤੇ ਨਾਲ ਹੀ ਗੁਰੂ ਸਾਹਿਬ ਵਲੋਂ ਉਨ੍ਹਾਂ (ਗੁਰੂ ਤੇਗ਼ ਬਹਾਦਰ ਸਾਹਿਬ) ਨੂੰ ਨੌਵੇਂ ਨਾਨਕ ਥਾਪਣ ਬਾਰੇ ਵੀ ਦੱਸਿਆ। ਦੋਵਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਉਹ ਹੁਣ ਗੁਰਗੱਦੀ ਦੀ ਸੇਵਾ ਸੰਭਾਲ ਲੈਣ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੁਰੂ ਪਰਿਵਾਰ ਕਾਫ਼ੀ ਚਿਰ ਦਿੱਲੀ ਵਿਚ ਹੀ ਰਿਹਾ ਤੇ ਫਿਰ ਬਕਾਲੇ ਵੱਲ ਚੱਲ ਪਿਆ ਤਾਂ ਜੋ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਦੇਣ ਦੀ ਰਸਮ ਪੂਰੀ ਕੀਤੀ ਜਾ ਸਕੇ। ਅਗਸਤ ਸ਼ੁਰੂ ਵਿਚ ਮਾਤਾ ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਹ ਮੱਲ, ਭਾਈ ਦਰੀਆ, ਭਾਈ ਜੱਗੂ ਚੌਹਾਨ, ਭਾਈ ਨਾਨੂੰ ਰਾਮ, ਭਾਈ ਸੰਗਤ (ਭਾਈ ਫੇਰੂ) ਦਿੱਲੀ ਤੋਂ ਚੱਲ ਪਏ। ਦੋਵੇਂ ਮਾਤਾਵਾਂ, ਦੀਵਾਨ ਦਰਗਹ ਮੱਲ ਤੇ ਕੁਝ ਸਿੱਖ ਸਿੱਧੇ ਬਕਾਲਾ ਵੱਲ ਚੱਲ ਪਏ ਅਤੇ ਬਾਕੀਆਂ ਨੂੰ ਕੀਰਤਪੁਰ, ਗੋਇੰਦਵਾਲ, ਰਾਮਦਾਸ (ਬਾਬਾ ਬੁੱਢਾ ਦੇ ਨਗਰ) ਤੇ ਗੁਰੂ ਦਾ ਚੱਕ (ਅੰਮ੍ਰਿਤਸਰ) ਭੇਜ ਦਿੱਤਾ ਗਿਆ ਤਾਂ ਜੋ ਉਹ ਉਥੋਂ ਦੀਆਂ ਸੰਗਤਾਂ ਨੂੰ ਗੁਰਗੱਦੀ ਦੀ ਰਸਮ ਅਦਾ ਕਰਨ ਦੇ ਮੌਕੇ 'ਤੇ ਪੁੱਜਣ ਦਾ ਪੈਗ਼ਾਮ ਦੇ ਸਕਣ।

ਗੁਰਗੱਦੀ ਦੀ ਰਸਮ

ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰਗੱਦੀ ਸੌਂਪਣ ਦੀ ਰਸਮ 11 ਅਗਸਤ 1664 ਦੇ ਦਿਨ ਬਕਾਲਾ ਵਿਚ ਅਦਾ ਕੀਤੀ ਗਈ। ਇਸ ਮੌਕੇ 'ਤੇ ਮਾਤਾ ਬਸੀ, ਮਾਤਾ ਸੁਲੱਖਣੀ, ਦੀਵਾਨ ਦਰਗਹ ਮੱਲ, ਭਾਈ ਗੁਰਦਿੱਤਾ (ਪੋਤਾ ਬਾਬਾ ਬੁੱਢਾ), ਬਾਬਾ ਅਰਜਾਨੀ (ਗੁਰੂ ਅਮਰਦਾਸ ਬੰਸ), ਰਾਮ ਰਾਇ, ਭਾਈ ਗੁਰਦਾਸ (ਪੁੱਤਰ ਭਾਈ ਬਹਿਲੋ), ਭਾਈ ਸੰਗਤ (ਭਾਈ ਫੇਰੂ), ਭਾਈ ਦਿਆਲ ਦਾਸ (ਜੋ ਮਗਰੋਂ ਗੁਰੂ ਸਾਹਿਬ ਨਾਲ ਸ਼ਹੀਦ ਹੋਏ ਸਨ), ਭਾਈ ਮਨੀ ਰਾਮ (ਸਿੰਘ), ਭਾਈ ਜੇਠਾ (ਭਾਈ ਮਨੀ ਸਿੰਘ ਦਾ ਵੱਡਾ ਭਰਾ), ਭਾਈ ਨਾਨੂੰ ਰਾਮ ਦਿਲਵਾਲੀ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ (ਜੋ ਮਗਰੋਂ ਗੁਰੂ ਸਾਹਿਬ ਨਾਲ ਸ਼ਹੀਦ ਹੋਏ ਸਨ), ਧੀਰ ਮੱਲ, ਭਾਈ ਚਉਪਤਿ ਰਾਇ (ਚੌਪਾ ਸਿੰਘ), ਭਾਈ ਜੱਗੂ ਚੌਹਾਨ ਤੋਂ ਇਲਾਵਾ ਬਾਬਾ ਸੂਰਜ ਮੱਲ ਦੇ ਬੇਟੇ ਭਾਈ ਦੀਪ ਚੰਦ ਤੇ ਨੰਦ ਚੰਦ ਕੀਰਤਪੁਰ ਤੋਂ ਉਚੇਚੇ ਤੌਰ 'ਤੇ ਆਏ ਹੋਏ ਸਨ। ਗੁਰਗੱਦੀ ਦੀ ਰਸਮ ਬਾਬਾ ਬੁੱਢਾ ਜੀ ਦੇ ਪੋਤੇ ਭਾਈ ਗੁਰਦਿੱਤਾ ਨੇ ਅਦਾ ਕੀਤੀ।

ਇਸ ਸਬੰਧੀ ਇਕ ਇੰਦਰਾਜ *ਭੱਟ ਵਹੀਆਂ* ਵਿਚ ਇੰਝ ਮਿਲਦਾ ਹੈ:

> "ਦੀਵਾਨ ਦਰਘਾ ਮਲ ਬੇਟਾ ਦਵਾਰਕਾ ਦਾਸ ਕਾ ਪੋਤਾ ਪਰਾਗ ਦਾਸ ਕਾ, ਚਉਪਤ ਰਾਏ ਬੇਟਾ ਪੇਰੇ ਕਾ ਪੋਤਾ ਗੌਤਮ ਕਾ, ਛਿਬਰ ਬ੍ਰਾਹਮਣ, ਜੇਠਾ

ਮਾਈ ਦਾਸ ਕਾ, ਮਨੀ ਰਾਮ ਮਾਈ ਦਾਸ ਕਾ..... ਬਲਊਂਤ ਜਲਹਾਨੇ, ਜਗੂ ਬੇਟਾ ਪਦਮੇਂ ਕਾ ਪੋਤਾ ਕਉਲੇ ਕਾ.... ਜਹਾਵਤ ਆਂਬਆਨਾ, ਨਾਨੂ ਬੇਟਾ ਬਾਘੇ ਕਾ ਪੋਤਾ ਊਮੇਦੇ ਕਾ ਦਿਲੀ ਸੇ ਗੁਰੂ ਹਰਿਕਿਸ਼ਨ ਜੀ ਮਹਲ ਅਠਮੇਂ ਕੀ ਮਾਤਾ ਸੁਲਖਣੀ ਜੀ ਸਾਥ ਬਕਾਲੇ ਆਏ। ਸਾਲ ਸਤਰਾਂ ਸੈ ਇਕੀਸੀ ਭਾਦਵਾ ਕੀ ਅਮਾਵਸ ਕੇ ਦਿਨ ਗੁਰੂ ਤੇਗ ਬਹਾਦਰ ਜੀ ਮਹਲ ਨਾਵੇਂ ਕੋ ਦਵਾਰਕਾ ਦਾਸ ਬੇਟਾ ਅਰਜਾਨੀ ਸਾਹਿਬ ਨੇ ਗੁਰਆਈ ਕਾ ਟੀਕਾ ਲਾਇਆ।"

(ਭੱਟ ਵਹੀ ਤਲਊਂਢਾ, ਪਰਗਣਾ ਜੀਂਦ, ਖਾਤਾ ਜਲਹਾਨੋਂ ਕਾ)

ਗੁਰੂ ਤੇਗ਼ ਬਹਾਦਰ ਸਾਹਿਬ ਦੇ ਵੇਲੇ ਕੀਰਤਪੁਰ

ਗੁਰਗੱਦੀ ਦੀ ਰਸਮ ਤੋਂ ਬਾਅਦ ਗੁਰੂ ਸਾਹਿਬ ਨੇ ਬਕਾਲਾ ਤੋਂ ਕੀਰਤਪੁਰ ਜਾਣ ਦੀ ਤਿਆਰੀ ਸ਼ੁਰੂ ਕਰ ਦਿੱਤੀ। ਉਸ ਵੇਲੇ ਗੁਰਗੱਦੀ ਦਾ ਸੈਂਟਰ ਕੀਰਤਪੁਰ ਸਾਹਿਬ ਸੀ। ਭਾਵੇਂ ਗੁਰੂ ਤੇਗ਼ ਬਹਾਦਰ ਸਾਹਿਬ ਬਕਾਲਾ ਤੋਂ ਹੀ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਇਕ ਵਾਰ ਕੀਰਤਪੁਰ ਜਾਣਾ ਜ਼ਰੂਰੀ ਸਮਝਿਆ। ਉਂਞ ਵੀ ਉਹ ਜੂਨ 1656 ਵਿਚ ਯੂ.ਪੀ., ਬਿਹਾਰ, ਆਸਾਮ ਦੇ ਦੌਰੇ 'ਤੇ ਜਾਣ ਮਗਰੋਂ ਪਿਛਲੇ 8 ਸਾਲ ਵਿਚ ਇਕ ਵਾਰੀ ਵੀ ਕੀਰਤਪੁਰ ਨਹੀਂ ਗਏ ਸਨ। ਇਸ ਦੇ ਨਾਲ ਹੀ ਉਹ ਬੀਬੀ ਰੂਪ ਕੌਰ (ਭੈਣ ਗੁਰੂ ਹਰਿਕ੍ਰਿਸ਼ਨ ਸਾਹਿਬ) ਨੂੰ ਵੀ ਮਿਲਣਾ ਚਾਹੁੰਦੇ ਸਨ ਤਾਂ ਜੋ ਉਹ ਉਸ ਨਾਲ ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਚਲਾਣੇ ਦੀ 'ਪਰਚਾਵਨੀ' ਕਰ ਸਕਣ।

ਗੁਰੂ ਤੇਗ਼ ਬਹਾਦਰ ਸਾਹਿਬ ਬਕਾਲਾ ਤੋਂ ਭਾਈ ਮਨੀ ਰਾਮ (ਸਿੰਘ), ਭਾਈ ਚਉਪਤਿ ਰਾਇ, ਭਾਈ ਦਿਆਲ ਦਾਸ, ਭਾਈ ਨਾਨੂੰ ਰਾਮ ਦਿਲਵਾਲੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਫੇਰੂ, ਧੀਰ ਮੱਲ ਤੇ ਕਈ ਹੋਰਨਾਂ ਨੂੰ ਨਾਲ ਲੈ ਕੇ ਕੀਰਤਪੁਰ ਵੱਲ ਚੱਲ ਪਏ। ਗੁਰੂ ਸਾਹਿਬ 21 ਅਗਸਤ 1664 ਦੇ ਦਿਨ ਕੀਰਤਪੁਰ ਪੁੱਜੇ ਅਤੇ ਬੀਬੀ ਰੂਪ ਕੌਰ ਦੇ ਘਰ ਗਏ, ਕਿਉਂਕਿ ਗੁਰੂ ਸਾਹਿਬ ਗੁਰਗੱਦੀ ਸੰਭਾਲਣ ਪਿੱਛੋਂ ਪਹਿਲੀ ਵਾਰੀ ਕੀਰਤਪੁਰ ਆਏ ਸਨ, ਇਸ ਕਰ ਕੇ ਸਾਰੇ ਆਲੇ-ਦੁਆਲੇ ਦੀਆਂ ਸੰਗਤਾਂ ਉਮਡ ਕੇ ਉਥੇ ਆ ਪਹੁੰਚੀਆਂ। ਗੁਰੂ ਸਾਹਿਬ ਦੋ ਦਿਨ ਕੀਰਤਪੁਰ ਸਾਹਿਬ ਵਿਚ ਗੁਰੂ ਹਰਿ ਰਾਇ ਸਾਹਿਬ ਵਾਲੇ ਘਰ ਵਿਚ ਠਹਿਰੇ ਅਤੇ ਤੀਜੇ ਦਿਨ ਵਾਪਿਸ ਬਕਾਲਾ ਵੱਲ ਚੱਲ ਪਏ। ਇਸ ਸਬੰਧੀ ਇਕ ਇੰਦਰਾਜ *ਭੱਟ ਵਹੀਆਂ* ਵਿਚ ਇੰਞ ਮਿਲਦਾ ਹੈ :

> "ਗੁਰੂ ਤੇਗ ਬਹਾਦਰ ਜੀ ਮਹਲ ਨਾਵੇਂ, ਬਕਾਲਾ ਸੇ ਕੀਰਤਪੁਰ ਆਏ, ਪਰਗਨਾ ਕਹਲੂਰ, ਸਾਲ ਸਤਰਾਂ ਸੈ ਇਕੀਸ ਭਾਦਵਾ ਸੁਦੀ ਦਸਮੀਂ, ਖੇਮ ਕਰਨ ਧੁਸੇ ਖਤਰੀ ਕੇ ਘਰ ਬੀਬੀ ਰੂਪ ਕਉਰ ਕੇ ਬਲਾਉਨਾ। ਸਾਥ ਦਵਾਰਕਾ ਦਾਸ ਆਇਆ ਬੇਟਾ ਅਰਜਾਨੀ ਸਾਹਿਬ ਭੱਲੇ ਕਾ, ਸਾਥ ਦੀਵਾਨ ਦਰਘਾ ਮਲ ਆਇਆ ਬੇਟਾ ਦਵਾਰਕਾ ਦਾਸ ਛਿਬਰ ਕਾ, ਸਾਥ ਜਗੂ ਬੇਟਾ ਪਦਮਾ ਕਾ ਆਇਆ ਹਜਾਵਤ ਆਂਬਆਨਾ।"

(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਹਜਾਵਤੋਂ ਕਾ)

ਕੁਝ ਦਿਨ ਕੀਰਤਪੁਰ ਰਹਿਣ ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਵਾਪਿਸ ਬਕਾਲਾ ਚਲੇ ਗਏ।

ਮੱਖਣ ਸ਼ਾਹ ਦਾ ਬਕਾਲੇ ਆਉਣਾ

9 ਅਕਤੂਬਰ 1664 ਦੇ ਦਿਨ ਹਿੰਦੂ ਲੋਕ ਦੀਵਾਲੀ ਦਾ ਤਿਉਹਾਰ ਮਨਾ ਰਹੇ ਸਨ। ਇਸ ਤੋਂ ਅਗਲੇ ਦਿਨ ਬਕਾਲਾ ਵਿਚ ਸੰਗਤਾਂ ਦਾ ਇਕ ਭਾਰੀ ਇਕੱਠ ਬੁਲਾਇਆ ਗਿਆ ਸੀ। ਸੰਗਤਾਂ 7 ਅਕਤੂਬਰ ਤੋਂ ਹੀ ਬਕਾਲਾ ਵਿਚ ਪੁੱਜਣੀਆਂ ਸ਼ੁਰੂ ਹੋ ਚੁੱਕੀਆਂ ਸਨ। 9 ਅਕਤੂਬਰ ਦੇ ਦਿਨ ਕਸ਼ਮੀਰ ਤੋਂ ਭਾਈ ਮੱਖਣ ਸ਼ਾਹ ਲੁਬਾਣਾ (ਵਣਜਾਰਾ) ਵੀ ਪਰਿਵਾਰ ਸਣੇ ਬਕਾਲਾ ਪੁੱਜ ਗਿਆ। ਭਾਈ ਮੱਖਣ ਸ਼ਾਹ ਦਾ ਪਰਿਵਾਰ ਪੰਜਵੀਂ ਪਾਤਿਸ਼ਾਹੀ ਦੇ ਵੇਲੇ ਤੋਂ ਸਿੱਖ ਪੰਥ ਨਾਲ ਜੁੜਿਆ ਹੋਇਆ ਸੀ। 1660 ਵਿਚ ਜਦੋਂ ਗੁਰੂ ਹਰਿ ਰਾਇ ਸਾਹਿਬ ਕਸ਼ਮੀਰ ਦੇ ਦੌਰੇ 'ਤੇ ਗਏ, ਇਨ੍ਹਾਂ ਦੇ ਘਰ ਵੀ ਠਹਿਰੇ ਸਨ, ਪਰ ਹੁਣ ਉਸ ਨੂੰ ਇਹ ਨਹੀਂ ਸੀ ਪਤਾ ਕਿ ਨੌਂਵੇਂ ਨਾਨਕ ਕਿਸ ਨੂੰ ਥਾਪਿਆ ਗਿਆ ਹੈ। ਇੱਤਫ਼ਾਕਨ ਉਸ ਤੋਂ ਕੁਝ ਚਿਰ ਪਹਿਲੋਂ ਹੀ ਭਾਈ ਮੱਖਣ ਸ਼ਾਹ ਦਾ ਇਕ ਵੱਡਾ ਬੇੜਾ ਦਰਿਆ ਵਿਚ ਤਰੇਮੂ ਦੇ ਪਤਨ 'ਤੇ ਭੰਵਰ ਵਿਚ ਫਸ ਗਿਆ ਸੀ ਤੇ ਉਸ ਨੇ ਅਰਦਾਸ ਕੀਤੀ ਸੀ ਕਿ ਜੇ ਮੇਰਾ ਬੇੜਾ ਮੰਝਧਾਰ ਵਿੱਚੋਂ ਪਾਰ ਹੋ ਗਿਆ ਤਾਂ ਮੈਂ ਇਕ ਸੌ ਮੁਹਰਾਂ (ਇਕ ਲੇਖਕ ਨੇ 500 ਵੀ ਲਿਖਿਆ ਹੈ) ਗੁਰੂ ਦੀ ਭੇਟ ਚੜ੍ਹਾਵਾਂਗਾ। ਵਾਹਿਗੁਰੂ ਦੀ ਮਿਹਰ ਨਾਲ ਮੱਖਣ ਸ਼ਾਹ ਦਾ ਬੇੜਾ ਪਾਰ ਹੋ ਗਿਆ। ਉਹ ਆਪਣੀ ਅਰਦਾਸ ਪੂਰੀ ਕਰਨ ਵਾਸਤੇ ਬਕਾਲੇ ਪੁੱਜਾ। ਉਸ ਨੂੰ ਨੌਂਵਾਂ ਨਾਨਕ ਲੱਭਣ ਲੱਗਿਆਂ ਬੜੀ ਮੁਸ਼ਕਿਲ ਆਈ। ਉਸ ਵੇਲੇ ਕਈ ਸਾਧ (ਇਕ ਸੋਮੇ ਮੁਤਾਬਿਕ 22) ਬਕਾਲੇ ਵਿਚ ਗੱਦੀਆਂ ਲਾ ਕੇ ਆਪਣੇ ਆਪ ਨੂੰ ਗੁਰੂ ਅਖਵਾ ਰਹੇ ਸਨ। ਇਨ੍ਹਾਂ ਸਾਧਾਂ ਨੇ ਆਪਣੇ ਮਸੰਦ ਛੱਡੇ ਹੋਏ ਸਨ, ਜੋ ਬਕਾਲਾ ਨੂੰ ਆਉਂਦੇ ਸਾਰੇ ਰਾਹਾਂ 'ਤੇ 'ਨਾਕਾ' ਲਾਈ ਬੈਠੇ ਸਨ। ਭਾਈ ਮੱਖਣ ਸ਼ਾਹ ਨੂੰ ਧੀਰ ਮੱਲ ਦੇ ਮਸੰਦ ਉਸ ਦੇ ਡੇਰੇ 'ਤੇ ਲੈ ਆਏ। ਭਾਈ ਮੱਖਣ ਸ਼ਾਹ ਨੇ ਧੀਰ ਮੱਲ ਨੂੰ ਪੰਜ ਮੁਹਰਾਂ ਭੇਟ ਕੀਤੀਆਂ। ਮੱਖਣ ਸ਼ਾਹ ਦੀ ਪਤਨੀ ਸੋਲਜਈ ਤੇ ਤਿੰਨਾਂ ਬੇਟਿਆਂ (ਚੰਦੂ ਲਾਲ, ਲਾਲ ਚੰਦ ਅਤੇ ਕੁਸ਼ਾਲ ਚੰਦ) ਨੇ ਵੀ ਦੋ-ਦੋ ਮੁਹਰਾਂ ਧੀਰ ਮੱਲ ਨੂੰ ਭੇਟ ਕੀਤੀਆਂ। ਇਸ ਮਗਰੋਂ ਇਹ ਪਰਿਵਾਰ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਗਿਆ। ਉਥੇ ਵੀ ਭਾਈ ਮੱਖਣ ਸ਼ਾਹ ਨੇ ਪੰਜ ਮੁਹਰਾਂ ਭੇਟਾ ਕੀਤੀਆਂ। ਪੰਜ ਮੁਹਰਾਂ ਵੇਖ ਕੇ ਗੁਰੂ ਸਾਹਿਬ ਨੇ ਆਖਿਆ ਕਿ ਭਾਈ ਤੂੰ ਤਾਂ ਇਕ ਸੌ ਮੁਹਰਾਂ ਦੀ ਅਰਦਾਸ ਕੀਤੀ ਸੀ। ਗੁਰੂ ਸਾਹਿਬ ਦੇ ਇਹ ਆਖਣ ਦੀ ਦੇਰ ਸੀ ਕਿ ਉਸ ਨੇ ਬਾਕੀ ਮੁਹਰਾਂ ਵੀ ਗੁਰੂ ਸਾਹਿਬ ਨੂੰ ਭੇਟ ਕੀਤੀਆਂ ਅਤੇ ਛੱਤ 'ਤੇ ਚੜ੍ਹ ਕੇ ਉੱਚੀ-ਉੱਚੀ ਆਵਾਜ਼ ਦੇਣ ਲੱਗ ਪਿਆ : "ਗੁਰੂ ਲਾਧੋ ਰੇ"। ਉਸ ਦਿਨ ਤੋਂ ਬਕਾਲੇ ਦੀਆਂ ਸੰਗਤਾਂ 9 ਅਕਤੂਬਰ ਦਾ ਦਿਨ 'ਗੁਰੂ ਲਾਧੋ ਦਿਨ' ਵਜੋਂ ਮਨਾਉਂਦੀਆਂ ਹਨ। ਭਾਈ ਮੱਖਣ ਸ਼ਾਹ ਦੇ ਬਕਾਲਾ ਆਉਣ ਬਾਰੇ *ਭੱਟ ਵਹੀ ਤੁੰਮਰ ਬਿੰਜਲਉਂਤ* ਵਿਚ ਇਕ ਇੰਦਰਾਜ ਮਿਲਦਾ ਹੈ:

"ਮਖਣ ਸ਼ਾਹ ਬੇਟਾ ਦਾਸੇ ਸ਼ਾਹ ਕਾ, ਪੋਤਾ ਅਰਥੇ ਕਾ, ਪੜਪੋਤਾ ਬਿੰਨੇ ਕਾ, ਬੰਸ ਬਹੋੜ ਸ਼ਾਹ ਕੀ। ਲਾਲ ਚੰਦ ਮਖਣ ਸ਼ਾਹ ਕਾ, ਚੰਦੂ ਲਾਲ ਮਖਣ ਸ਼ਾਹ ਕਾ, ਕੁਸ਼ਾਲ ਚੰਦ ਮਖਣ ਸ਼ਾਹ ਕਾ, ਸੋਲਜਈ ਇਸਤਰੀ ਮਖਣ ਸ਼ਾਹ ਕੀ, ਗੋਤਰ ਪੇਲੀਆ ਬਨਜਾਰਾ, ਬਾਸੀ ਮੋਟਾ ਟਾਂਡਾ, ਪਰਗਨਾ ਮੁਜ਼ਫ਼ਰਾਬਾਦ, ਕਸ਼ਮੀਰ, ਸਾਲ ਸਤਰਾਂ ਸੈ ਇਕੀਸ ਦੀਵਾਲੀ ਤੇ ਸ਼ਨੀਵਾਰ ਕੇ ਦਿਹੁ ਬਕਾਲੇ ਨਗਰ ਆਇਆ। ਗੁਰੂ ਤੇਗ ਬਹਾਦਰ ਮਹਲ ਨਾਮੇਂ ਕੇ ਦਰਬਾਰ ਮੇਂ ਇਕ ਸੌ ਮੋਹਰੈਂ ਭੇਟਾ ਕੀ। ਗੈਲ ਧੂਮਾਂ ਬੇਟਾ ਨਾਇਕ ਕਾਨ੍ਹੇ, ਬਿੰਜਉਂਤ ਕਾ ਆਇਆ।" *(ਭੱਟ ਵਹੀ ਤੂੰਮਰ ਬਿੰਜਲਉਤ ਕੀ)*

ਮਾਤਾ ਬਸੀ ਦਾ ਚਲਾਣਾ ਤੇ ਗੁਰੂ ਸਾਹਿਬ ਦਾ ਕੀਰਤਪੁਰ ਜਾਣਾ

ਬਾਬਾ ਗੁਰਦਿੱਤਾ ਦੀ ਪਤਨੀ, ਗੁਰੂ ਹਰਿ ਰਾਇ ਸਾਹਿਬ ਦੀ ਮਾਤਾ, ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਦਾਦੀ ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਭਰਜਾਈ ਮਾਤਾ ਬਸੀ 29 ਸਤੰਬਰ 1664 ਦੇ ਦਿਨ ਕੀਰਤਪੁਰ ਵਿਖੇ ਚੜ੍ਹਾਈ ਕਰ ਗਈ। ਉਸ ਸਬੰਧੀ ਰੱਖੇ ਪਾਠ ਦਾ ਭੋਗ ਅਕਤੂਬਰ ਦੇ ਅੱਧ ਵਿਚ ਪੈਣਾ ਸੀ। ਗੁਰੂ ਤੇਗ ਬਹਾਦਰ ਸਾਹਿਬ ਇਸ ਮੌਕੇ 'ਤੇ ਸ਼ਾਮਿਲ ਹੋਣ ਵਾਸਤੇ ਕੀਰਤਪੁਰ ਸਾਹਿਬ ਗਏ। ਗੁਰੂ ਸਾਹਿਬ 12 ਅਕਤੂਬਰ 1664 ਦੇ ਦਿਨ ਕੀਰਤਪੁਰ ਪੁੱਜ ਗਏ। ਉਨ੍ਹਾਂ ਦੇ ਨਾਲ ਹੋਰਨਾਂ ਤੋਂ ਇਲਾਵਾ ਦੀਵਾਨ ਦਰਗਹ ਮੱਲ ਤੇ ਭਾਈ ਮੱਖਣ ਸ਼ਾਹ ਵੀ ਕੀਰਤਪੁਰ ਗਏ। 14 ਅਕਤੂਬਰ ਦੇ ਦਿਨ ਮਾਤਾ ਬਸੀ ਸਬੰਧੀ ਰੱਖੇ ਪਾਠ ਦਾ ਭੋਗ ਪਿਆ। ਭੋਗ ਤੋਂ ਦੋ ਦਿਨ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਨੇ ਰਾਮ ਰਾਇ, ਬੀਬੀ ਰੂਪ ਕੌਰ, ਨੰਦ ਚੰਦ ਤੇ ਦੀਪ ਚੰਦ (ਦੋਵੇਂ ਪੁੱਤਰ ਬਾਬਾ ਸੂਰਜ ਮੱਲ) ਨੂੰ ਬਿਠਾ ਕੇ ਕੀਰਤਪੁਰ ਦੀ ਸੇਵਾ ਸੰਭਾਲ ਦੀ ਤਾਕੀਦ ਕੀਤੀ ਤੇ ਆਪ ਵਾਪਿਸ ਬਕਾਲਾ ਆ ਗਏ।

ਗੁਰੂ ਤੇਗ ਬਹਾਦਰ ਸਾਹਿਬ ਪ੍ਰਚਾਰ ਦੌਰੇ 'ਤੇ

ਕੀਰਤਪੁਰ ਤੋਂ ਮੁੜਨ ਮਗਰੋਂ ਗੁਰੂ ਤੇਗ ਬਹਾਦਰ ਸਾਹਿਬ ਗੁਰੂ ਦਾ ਚੱਕ (ਅੰਮ੍ਰਿਤਸਰ), ਘੁੱਕੇਵਾਲੀ (ਗੁਰੂ ਦਾ ਬਾਗ਼), ਨਿਝਰਆਲਾ, ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ, ਖੇਮ ਕਰਨ, ਚੋਹਲਾ, ਜ਼ੀਰਾ, ਮੋਗਾ, ਡਰੋਲੀ ਭਾਈ ਅਤੇ ਕਈ ਹੋਰ ਨਗਰਾਂ ਅਤੇ ਪਿੰਡਾਂ ਦੇ ਦੌਰੇ 'ਤੇ ਗਏ। ਨਵੰਬਰ 1664 ਦੇ ਟੁਰੇ ਗੁਰੂ ਸਾਹਿਬ ਮਾਰਚ ਵਿਚ ਤਲਵੰਡੀ ਸਾਬੋ ਪਹੁੰਚ ਗਏ। ਤਲਵੰਡੀ ਸਾਬੋ ਵਿਚ ਆਪ ਨੇ 'ਗੁਰੂ ਸਰ' ਸਰੋਵਰ ਤਿਆਰ ਕਰਵਾਇਆ। ਕੁਝ ਦਿਨ ਇਥੇ ਰਹਿਣ ਮਗਰੋਂ ਆਪ ਬਾਂਗਰ ਦੇਸ ਵੱਲ ਚੱਲ ਪਏ। ਆਪ ਅਪਰੈਲ ਦੇ ਆਖ਼ਰੀ ਦਿਨਾਂ ਵਿਚ ਧਮਤਾਨ ਪਿੰਡ ਪੁੱਜ ਗਏ। ਇਥੇ ਆਪ ਕੁਝ ਦਿਨ ਭਾਈ ਦੱਗੋ ਕੋਲ ਰਹੇ। ਇਲਾਕੇ ਦੀਆਂ ਸੰਗਤਾਂ ਦਾ ਪਿਆਰ ਦੇਖ ਕੇ ਗੁਰੂ ਸਾਹਿਬ ਨੇ ਧਮਤਾਨ ਵਿਚ ਸਿੱਖੀ ਪ੍ਰਚਾਰ ਦਾ ਸੈਂਟਰ ਕਾਇਮ ਕਰਨ ਦਾ ਫ਼ੈਸਲਾ ਕੀਤਾ। ਭਾਈ ਦੱਗੋ ਨੇ ਸੰਗਤਾਂ ਦੀ ਇਮਦਾਦ ਨਾਲ ਗੁਰੂ ਸਾਹਿਬ ਵਾਸਤੇ ਘਰ ਅਤੇ ਇਕ ਖੂਹ ਲੁਆਉਣ ਦੀ ਸੇਵਾ ਸ਼ੁਰੂ ਕਰ ਦਿੱਤੀ।

ਗੁਰੂ ਸਾਹਿਬ ਫੇਰ ਕੀਰਤਪੁਰ ਪੁੱਜੇ

ਕੁਝ ਦਿਨ ਧਮਤਾਨ ਵਿਚ ਰਹਿਣ ਮਗਰੋਂ ਗੁਰੂ ਸਾਹਿਬ ਕੀਰਤਪੁਰ ਆ ਗਏ। ਇਥੇ ਮਾਤਾ ਸੁਲੱਖਣੀ ਤੇ ਕੀਰਤਪੁਰ ਦੀ ਸੰਗਤ ਨੇ ਆਪ ਜੀ ਨੂੰ ਜੀ ਆਇਆਂ ਆਖਿਆ। ਅਜੇ ਗੁਰੂ ਸਾਹਿਬ ਨੂੰ ਆਇਆਂ ਕੁਝ ਚਿਰ ਹੀ ਹੋਇਆ ਸੀ ਕਿ ਬਿਲਾਸਪੁਰ ਤੋਂ ਕਹਿਲੂਰ ਦੇ ਰਾਜੇ ਦੀਪ ਚੰਦ ਦੀ ਮੌਤ ਦੀ ਖ਼ਬਰ ਆ ਗਈ। ਰਾਜਾ ਦੀਪ ਚੰਦ 26 ਅਪਰੈਲ ਨੂੰ ਚੜ੍ਹਾਈ ਕਰ ਗਿਆ ਸੀ। ਰਾਣੀ ਚੰਪਾ ਨੇ ਆਪਣੇ ਖ਼ਾਸ ਸਫ਼ੀਰ ਰਾਹੀਂ ਗੁਰੂ ਸਾਹਿਬ ਨੂੰ ਆਖ਼ਰੀ ਅਰਦਾਸ ਵਿਚ ਸ਼ਾਮਿਲ ਹੋਣ ਦਾ ਪੈਗ਼ਾਮ ਭੇਜਿਆ। ਗੁਰੂ ਸਾਹਿਬ 9 ਮਈ ਨੂੰ ਬਿਲਾਸਪੁਰ ਵਾਸਤੇ ਚੱਲ ਪਏ। ਕੀਰਤਪੁਰ ਤੋਂ ਆਪ ਦੇ ਨਾਲ ਆਪ ਦੇ ਮਾਤਾ ਨਾਨਕੀ, ਗੁਰੂ ਹਰਿ ਰਾਇ ਸਾਹਿਬ ਦੀ ਪਤਨੀ ਮਾਤਾ ਸੁਲੱਖਣੀ, ਬਾਬਾ ਸੂਰਜ ਮੱਲ ਦੀ ਪਤਨੀ ਮਾਤਾ ਹਰੀ, ਗੁਰੂ ਹਰਿ ਰਾਇ ਸਾਹਿਬ ਦੀ ਬੇਟੀ ਬੀਬੀ ਰੂਪ ਕੌਰ, ਬਾਬਾ ਸੂਰਜ ਮੱਲ ਦੇ ਬੇਟੇ ਦੀਪ ਚੰਦ ਤੇ ਨੰਦ ਚੰਦ, ਦੀਵਾਨ ਦਰਗਹ ਮੱਲ ਅਤੇ ਕਈ ਸਿੱਖ ਗੁਰੂ ਸਾਹਿਬ ਨਾਲ ਬਿਲਾਸਪੁਰ ਗਏ।

ਇਸ ਸਬੰਧੀ ਇਕ ਇੰਦਰਾਜ *ਭੱਟ ਵਹੀ ਮੁਲਤਾਨੀ ਸਿੰਧੀ* ਵਿਚ ਇੰਝ ਮਿਲਦਾ ਹੈ:

> "ਗੁਰੂ ਤੇਗ ਬਹਾਦਰ ਮਹਲ ਨਾਂਵੇਂ ਕੀਰਤਪੁਰ ਸੇ ਬਿਲਾਸਪੁਰ ਆਏ, ਰਾਜਾ ਦੀਪ ਚੰਦ ਕੀ ਸਤਾਰਮੀਂ ਤੇ ਸਾਲ ਸਤਰਾਂ ਸੈ ਬਾਈਸ, ਜੇਠ ਪਰਵਿਸ਼ਟੇ ਪੰਦਰਾਂ ਕੋ। ਸਾਥੇ ਦੀਪ ਚੰਦ ਨੰਦ ਚੰਦ ਬੇਟੇ ਸੂਰਜ ਮਲ ਕੇ, ਮਾਤਾ ਹਰੀ ਜੀ ਇਸਤਰੀ ਸੂਰਜ ਮਲ ਕੀ, ਮਾਤਾ ਸੁਲਖਣੀ ਜੀ ਇਸਤਰੀ ਗੁਰੂ ਹਰਿ ਰਾਇ ਮਹਲ ਸਤਵੇਂ ਜੀ ਕੀ, ਦੀਵਾਨ ਦਰਘਾ ਮਲ ਛਿਬਰ, ਜੇਠਾ, ਦਿਆਲ ਦਾਸ ਬੇਟੇ ਮਾਈ ਦਾਸ ਕੇ, ਦਰੀਆ ਬੇਟਾ ਮੂਲੇ ਕਾ ਜਲਹਾਨਾ ਸਾਥ ਆਏ।"
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਜਲਹਾਨਿਓਂ ਕਾ)*

'ਚੱਕ ਨਾਨਕੀ' ਦੀ ਨੀਂਹ

ਰਾਜਾ ਦੀਪ ਚੰਦ ਦੀ ਆਖ਼ਰੀ ਅਰਦਾਸ ਮਗਰੋਂ ਰਾਣੀ ਚੰਪਾ ਨੇ ਮਾਤਾ ਨਾਨਕੀ ਨੂੰ ਆਖਿਆ ਕਿ ਮੈਨੂੰ ਪਤਾ ਲੱਗਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਕਹਿਲੂਰ ਰਿਆਸਤ ਤੋਂ ਦੂਰ ਬਾਂਗਰ ਦੇਸ ਦੇ ਇਲਾਕੇ ਵਿਚ ਜਾਣ ਦੀਆਂ ਤਿਆਰੀਆਂ ਕਰ ਰਹੇ ਹਨ। ਉਨ੍ਹਾਂ ਨੂੰ ਮੇਰੀ ਅਰਜ਼ ਪਹੁੰਚਾਓ ਕਿ ਉਹ ਕਹਿਲੂਰ ਰਿਆਸਤ ਤੋਂ ਦੂਰ ਨਾ ਜਾਣ। ਜੇ ਉਨ੍ਹਾਂ ਨੂੰ ਕੀਰਤਪੁਰ 'ਚ ਥਾਂ ਥੋੜ੍ਹੀ ਜਾਪਦੀ ਹੈ ਤਾਂ ਮੈਂ ਨਵੇਂ ਨਗਰ ਵਾਸਤੇ ਜਗ੍ਹਾ ਦੇਣ ਵਾਸਤੇ ਤਿਆਰ ਹਾਂ। ਗੁਰੂ ਸਾਹਿਬ ਜਿਸ ਜਗ੍ਹਾ ਨੂੰ ਵੀ ਹੱਥ ਲਾਉਣਗੇ, ਮੈਂ ਉਨ੍ਹਾਂ ਨੂੰ ਭੇਟਾ ਕਰ ਦੇਵਾਂਗੀ। ਮਾਤਾ ਨਾਨਕੀ ਜੀ ਵਲੋਂ ਜ਼ੋਰ ਦੇਣ 'ਤੇ ਉਨ੍ਹਾਂ ਦੇ ਬੇਟੇ ਗੁਰੂ ਤੇਗ਼ ਬਹਾਦਰ ਸਾਹਿਬ ਨੇ ਨਵਾਂ ਨਗਰ ਬਣਾਉਣਾ ਕਬੂਲ ਕਰ ਲਿਆ। ਪਰ ਗੁਰੂ ਸਾਹਿਬ ਨੇ ਇਹ ਸ਼ਰਤ ਰੱਖੀ ਕਿ ਉਹ ਨਵੇਂ ਨਗਰ ਵਾਸਤੇ ਜਗ੍ਹਾ ਦਾਨ ਵਿਚ ਨਹੀਂ ਲੈਣਗੇ, ਬਲਕਿ ਉਸ ਥਾਂ ਦੀ ਕੀਮਤ ਅਦਾ ਕਰਨਗੇ।

ਇੰਝ ਗੁਰੂ ਸਾਹਿਬ ਨੇ ਮਾਖੋਵਾਲ ਦੀ ਥੇਹ ਦੇ ਦੁਆਲੇ ਮੀਆਂਪੁਰ, ਲੋਦੀਪੁਰ ਤੇ ਸਹੋਟਾ ਪਿੰਡਾਂ ਦੇ ਵਿਚਕਾਰਲੀ ਥਾਂ ਖ਼ਰੀਦ ਕੇ ਉਥੇ ਨਵੇਂ ਨਗਰ ਦੀ ਨੀਂਹ 19 ਜੂਨ 1665 ਦੇ ਦਿਨ ਰੱਖੀ। ਗੁਰੂ ਸਾਹਿਬ ਨੇ ਇਸ ਦਾ ਨਾਂ 'ਚੱਕ ਨਾਨਕੀ' ਰੱਖਿਆ।

ਇਸ ਸਬੰਧੀ ਇਕ ਇੰਦਰਾਜ ਭੱਟ ਵਹੀਆਂ ਵਿਚ ਇੰਝ ਮਿਲਦਾ ਹੈ:

> "ਗੁਰੂ ਤੇਗ ਬਹਾਦਰ ਜੀ ਮਹਲ ਨਾਮਾਂ, ਸਾਲ ਸਤਰਾਂ ਸੈ ਬਾਈਸ ਅਸਾਢ ਪਰਵਿਸ਼ਟੇ ਇਕੀਸ ਸੋਮਬਾਰ ਕੋ ਮਾਖੋਵਾਲ ਕੇ ਥੇਹ ਤੇ ਗਾਮ ਬਨਾਇਆ। ਨਾਮ ਚਕ ਨਾਨਕੀ ਰਾਖਾ।"
>
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ)*

ਚੱਕ ਨਾਨਕੀ ਦੀ ਨੀਂਹ ਰੱਖਣ ਮਗਰੋਂ ਗੁਰੂ ਤੇਗ਼ ਬਹਾਦਰ ਸਾਹਿਬ ਫਿਰ ਕੀਰਤਪੁਰ ਚਲੇ ਗਏ ਤੇ ਉਹ ਉਥੇ ਜਾ ਕੇ ਮਾਤਾ ਮਹਾਂਦੇਵੀ (ਮਾਤਾ ਬਾਬਾ ਸੂਰਜ ਮੱਲ ਤੇ ਪਤਨੀ ਗੁਰੂ ਹਰਿਗੋਬਿੰਦ ਸਾਹਿਬ) ਦੇ ਘਰ ਵਿਚ ਠਹਿਰੇ। ਆਪ ਕੁਝ ਦਿਨ ਮਾਤਾ ਮਹਾਂਦੇਵੀ ਕੋਲ ਰਹੇ ਤੇ ਫਿਰ ਕੀਰਤਪੁਰ ਤੋਂ ਪ੍ਰਚਾਰ ਦੌਰੇ 'ਤੇ ਚੱਲ ਪਏ।

ਇਸ ਦੌਰੇ ਦੌਰਾਨ ਆਪ ਧਮਤਾਨ ਵੀ ਗਏ, ਜਿਥੋਂ ਆਪ ਨੂੰ ਆਲਿਮ ਖ਼ਾਂ ਰੁਹੇਲੇ ਨੇ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਜਾ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਪੇਸ਼ ਕੀਤਾ। ਇਥੇ ਕੁਝ ਚਿਰ ਕੈਦ ਤੇ ਫਿਰ ਰਿਹਾਈ ਮਗਰੋਂ ਗੁਰੂ ਸਾਹਿਬ ਆਸਾਮ ਤੇ ਬਿਹਾਰ ਦੇ ਦੌਰੇ 'ਤੇ ਚਲੇ ਗਏ ਤੇ ਪੰਜ ਸਾਲ ਮਗਰੋਂ ਪੰਜਾਬ ਮੁੜੇ। ਪੰਜਾਬ ਆ ਕੇ ਵੀ ਆਪ ਬਕਾਲਾ ਵਿਚ ਹੀ ਰਹੇ ਅਤੇ ਕੀਰਤਪੁਰ ਜਾਂ ਚੱਕ ਨਾਨਕੀ ਨਹੀਂ ਆਏ। ਆਪ ਮਾਰਚ 1673 ਵਿਚ ਬਕਾਲਾ ਤੋਂ ਚੱਕ ਨਾਨਕੀ ਵਿਚ ਆ ਗਏ ਤੇ ਇਥੇ ਰਹਿਣ ਲੱਗ ਪਏ।

ਗੁਰੂ ਸਾਹਿਬ ਦੀ ਕੀਰਤਪੁਰ ਦੀ ਆਖ਼ਰੀ ਫੇਰੀ

ਕਸ਼ਮੀਰ ਤੋਂ ਭਾਈ ਕਿਰਪਾ ਰਾਮ ਦੱਤ ਤੇ ਉਨ੍ਹਾਂ ਦੇ ਸਾਥੀਆਂ ਵਲੋਂ ਫ਼ਰਿਆਦੀ ਹੋਣ ਮਗਰੋਂ ਗੁਰੂ ਸਾਹਿਬ ਨੇ 8 ਜੁਲਾਈ 1675 ਦੇ ਦਿਨ (ਗੁਰੂ) ਗੋਬਿੰਦ ਦਾਸ (ਸਿੰਘ) ਨੂੰ ਗੁਰਗੱਦੀ ਸੌਂਪ ਦਿੱਤੀ। 10 ਜੁਲਾਈ ਨੂੰ ਆਪ ਔਰੰਗਜ਼ੇਬ ਨੂੰ ਮਿਲਣ ਵਾਸਤੇ ਦਿੱਲੀ ਵੱਲ ਚੱਲ ਪਏ। ਚੱਕ ਨਾਨਕੀ ਤੋਂ ਚੱਲ ਕੇ ਆਪ ਨੇ ਪਹਿਲਾ ਪੜ੍ਹਾਅ ਕੀਰਤਪੁਰ ਵਿਚ ਕੀਤਾ। 10 ਤਾਰੀਖ਼ ਦੀ ਰਾਤ ਆਪ ਕੀਰਤਪੁਰ ਵਿਚ ਰਹੇ। ਇਥੇ ਆਪ ਦੇ ਨਾਲ ਭਾਈ ਦਿਆਲ ਦਾਸ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਵੀ ਸਨ। ਕੀਰਤਪੁਰ ਵਿਚ ਆਪ ਨੇ ਮਾਤਾ ਸੁਲੱਖਣੀ, ਬੀਬੀ ਰੂਪ ਕੌਰ, ਭਾਈ ਦੀਪ ਚੰਦ ਤੇ ਭਾਈ ਨੰਦ ਚੰਦ ਨਾਲ ਵਿਚਾਰਾਂ ਕੀਤੀਆਂ। ਇਨ੍ਹਾਂ ਸਾਰਿਆਂ ਨੇ ਗੁਰੂ ਸਾਹਿਬ ਵਲੋਂ ਦਿੱਲੀ ਜਾ ਕੇ ਔਰੰਗਜ਼ੇਬ ਨਾਲ ਮਿਲਣ ਦੀ ਗੱਲ ਨੂੰ ਬੜੇ ਫ਼ਿਕਰ ਨਾਲ ਲਿਆ, ਕਿਉਂਕਿ ਔਰੰਗਜ਼ੇਬ ਬੜਾ ਮੁਤੱਸਬੀ ਅਤੇ ਜ਼ਾਲਮ ਤਬੀਅਤ ਦਾ ਸ਼ਖ਼ਸ ਸੀ। ਗੁਰੂ ਸਾਹਿਬ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਫ਼ਿਕਰ ਨਾ ਕਰਨ ਵਾਸਤੇ ਆਖਿਆ। ਅਗਲੇ ਦਿਨ ਗੁਰੂ ਸਾਹਿਬ ਕੀਰਤਪੁਰ ਤੋਂ ਮਲਕਪੁਰ (ਰੰਘੜਾਂ) ਵੱਲ ਚੱਲ

ਪਏ। ਇਹ ਗੁਰੂ ਸਾਹਿਬ ਦੀ ਕੀਰਤਪੁਰ ਵਿਚ ਆਖ਼ਰੀ ਫੇਰੀ ਸੀ। ਉਨ੍ਹਾਂ ਨੂੰ 11 ਨਵੰਬਰ 1675 ਦੇ ਦਿਨ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਗਿਆ ਸੀ।

ਗੁਰੂ ਸਾਹਿਬ ਦਾ ਸੀਸ ਕੀਰਤਪੁਰ ਵਿਚ

ਗੁਰੂ ਸਾਹਿਬ ਦੀ ਸ਼ਹੀਦੀ ਮਗਰੋਂ ਉਨ੍ਹਾਂ ਦਾ ਸੀਸ ਲੈ ਕੇ ਭਾਈ ਜੈਤਾ, ਭਾਈ ਊਦਾ ਤੇ ਭਾਈ ਨਾਨੂੰ ਰਾਮ ਚੱਕ ਨਾਨਕੀ ਵੱਲ ਚੱਲ ਪਏ। ਗੁਰੂ ਸਾਹਿਬ ਦਾ ਸੀਸ ਲੈ ਕੇ ਭਾਈ ਜੈਤਾ, ਭਾਈ ਊਦਾ ਤੇ ਭਾਈ ਨਾਨੂੰ ਰਾਮ ਚੱਕ ਨਾਨਕੀ ਵੱਲ ਜਾਂਦਿਆਂ ਕੀਰਤਪੁਰ ਵਿਚ ਰੁਕੇ ਸਨ ਤੇ ਇਥੋਂ ਗੁਰੂ ਗੋਬਿੰਦ ਦਾਸ (ਸਿੰਘ) ਸਾਹਿਬ ਨੇ ਅੱਗੇ ਆ ਕੇ ਸੀਸ ਆਪ ਲੈ ਲਿਆ ਸੀ ਅਤੇ ਫਿਰ ਸਾਰੇ ਚੱਕ ਨਾਨਕੀ ਵੱਲ ਗਏ ਸਨ। ਪਰ ਵਧੇਰੇ ਸਹੀ ਸੋਮਿਆਂ ਮੁਤਾਬਿਕ ਇਹ ਤਿੰਨੇ ਸਿੱਖ ਸੀਸ ਲੈ ਕੇ ਚੱਕ ਨਾਨਕੀ ਵਿਚ ਪੁੱਜੇ ਸਨ, ਜਿਥੇ ਉਨ੍ਹਾਂ ਨੇ ਆਪ ਜਾ ਕੇ ਸੀਸ ਗੁਰੂ ਸਾਹਿਬ ਨੂੰ ਭੇਟ ਕੀਤਾ ਸੀ। ਇਸ ਸੋਮੇ ਮੁਤਾਬਿਕ ਇਹ ਤਿੰਨੇ ਸਿੱਖ ਸੀਸ ਨੂੰ ਚੱਕ ਨਾਨਕੀ ਲਿਜਾਂਦਿਆਂ ਕੁਝ ਚਿਰ ਵਾਸਤੇ ਕੀਰਤਪੁਰ ਵਿਚ ਰੁਕੇ ਜ਼ਰੂਰ ਸਨ। ਉਹ ਜਿਸ ਜਗ੍ਹਾ ਰੁਕੇ ਸਨ, ਉਥੇ ਗੁਰਦੁਆਰਾ ਬਿਬਾਨਸਰ ਬਣਿਆ ਹੋਇਆ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਵੇਲੇ ਕੀਰਤਪੁਰ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਮਗਰੋਂ ਗੁਰੂ ਗੋਬਿੰਦ ਦਾਸ (ਸਿੰਘ) ਸਾਹਿਬ ਅਗਲੇ 10 ਸਾਲ ਚੱਕ ਨਾਨਕੀ ਵਿਚ ਹੀ ਰਹੇ। ਆਪ ਮਾਰਚ 1685 ਵਿਚ ਚੱਕ ਨਾਨਕੀ ਤੋਂ ਨਾਹਨ ਗਏ। ਨਾਹਨ ਜਾਂਦਿਆਂ ਆਪ ਕੁਝ ਚਿਰ ਵਾਸਤੇ ਕੀਰਤਪੁਰ ਵੀ ਰੁਕੇ। ਆਪ ਅਗਲੇ ਸਾਢੇ ਤਿੰਨ ਸਾਲ ਪਾਉਂਟਾ ਸਾਹਿਬ ਵਿਚ ਰਹੇ। ਉਥੋਂ ਆਪ ਅਕਤੂਬਰ 1688 ਦੇ ਆਖ਼ਰੀ ਦਿਨਾਂ ਵਿਚ ਵਾਪਿਸ ਚੱਲੇ ਅਤੇ ਨਵੰਬਰ ਵਿਚ ਕੀਰਤਪੁਰ 'ਚੋਂ ਹੁੰਦਿਆਂ ਚੱਕ ਨਾਨਕੀ ਪਰਤ ਆਏ।

ਆਪ ਦੇ ਚੱਕ ਨਾਨਕੀ ਪਰਤਣ ਤੋਂ ਛੇ ਮਹੀਨੇ ਮਗਰੋਂ ਨਵਾਂ ਨਗਰ ਅਨੰਦਪੁਰ ਸਾਹਿਬ ਆਬਾਦ ਹੋਇਆ। ਇਸ ਵੇਲੇ ਤਕ ਮਾਤਾ ਸੁਲੱਖਣੀ, ਭਾਈ ਦੀਪ ਚੰਦ ਤੇ ਨੰਦ ਚੰਦ (ਪੁੱਤਰ ਬਾਬਾ ਸੂਰਜ ਮੱਲ) ਤੇ ਬੀਬੀ ਰੂਪ ਕੌਰ ਦੇ ਪਰਿਵਾਰ ਕੀਰਤਪੁਰ ਵਿਚ ਰਹਿੰਦੇ ਸਨ। ਕੁਝ ਚਿਰ ਮਗਰੋਂ ਭਾਈ ਦੀਪ ਚੰਦ ਅਤੇ ਨੰਦ ਚੰਦ ਕੀਰਤਪੁਰ ਛੱਡ ਕੇ ਅਨੰਦਪੁਰ ਚਲੇ ਗਏ ਅਤੇ ਗੁਰੂ ਸਾਹਿਬ ਕੋਲ ਰਹਿਣ ਲੱਗ ਪਏ। ਜਦੋਂ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕੀਤਾ ਤੇ ਖੰਡੇ ਦੀ ਪਾਹੁਲ ਸ਼ੁਰੂ ਕੀਤੀ ਤਾਂ ਸੀਸ ਭੇਟ ਕੌਤਕ ਵਾਲੇ ਦਿਨ ਪੰਜ ਪਿਆਰਿਆਂ, ਪੰਜ ਮੁਕਤਿਆਂ ਅਤੇ ਪਹਿਲੀ ਕਤਾਰ ਦੇ ਯਾਰਾਂ ਸਿੱਖਾਂ ਤੋਂ ਮਗਰੋਂ ਅਗਲੀ ਪਾਰੀ ਵਿਚ ਇਨ੍ਹਾਂ ਦੋਹਾਂ ਭਰਾਵਾਂ ਨੇ ਖੰਡੇ ਦੀ ਪਾਹੁਲ ਲਈ ਤੇ ਦੀਪ ਸਿੰਘ ਤੇ ਨੰਦ ਸਿੰਘ ਨਾਂ ਹਾਸਿਲ ਕੀਤਾ। ਇਨ੍ਹਾਂ ਦੋਹਾਂ ਦੇ ਨਾਲ ਹੀ ਭਾਈ ਦਇਆ ਰਾਮ ਪੁਰੋਹਿਤ, ਭਾਈ ਕਿਰਪਾ ਰਾਮ ਦੱਤ, ਭਾਈ ਸਨਮੁਖ ਦਾਸ ਦੱਤ, ਭਾਈ ਗੁਰਮੁਖ ਦਾਸ ਦੱਤ, ਭਾਈ ਰਾਇ ਚੰਦ ਪਰਮਾਰ, ਭਾਈ ਗੁਰਬਖ਼ਸ਼ੀਸ਼ ਰਾਏ, ਭਾਈ ਬਰਨ, ਭਾਈ ਅਣੀ ਦਾਸ, ਭਾਈ ਨਾਨੂੰ ਰਾਮ ਦਿਲਵਾਲੀ, ਸਰਹਿੰਦ ਦੇ ਤਿੰਨ ਭਰਾਵਾਂ ਭਾਈ ਹਜ਼ਾਰੀ-ਭੰਡਾਰੀ ਤੇ ਦਰਬਾਰੀ ਨੇ ਵੀ ਖੰਡੇ ਦੀ ਪਾਹੁਲ ਲਈ।

ਭਾਈ ਦੀਪ ਚੰਦ (ਸਿੰਘ) ਤੇ ਨੰਦ ਚੰਦ (ਸਿੰਘ) ਦੇ ਅਨੰਦਪੁਰ ਚਲੇ ਜਾਣ ਮਗਰੋਂ ਕੀਰਤਪੁਰ ਵਿਚ ਸਿਰਫ਼ ਮਾਤਾ ਸੁਲੱਖਣੀ (ਪਤਨੀ ਗੁਰੂ ਹਰਿ ਰਾਇ ਸਾਹਿਬ), ਉਨ੍ਹਾਂ ਦੀ ਬੇਟੀ ਰੂਪ ਕੌਰ ਤੇ ਉਨ੍ਹਾਂ ਦਾ ਜੁਆਈ ਭਾਈ ਖੇਮ ਕਰਨ ਹੀ ਰਹਿ ਗਏ ਸਨ। ਭਾਈ ਖੇਮ ਕਰਨ ਨੇ ਕਦੋਂ ਚਲਾਣਾ ਕੀਤਾ, ਇਸ ਦਾ ਪਤਾ ਨਹੀਂ ਚੱਲਦਾ। ਇੰਝ ਹੀ ਬੀਬੀ ਰੂਪ ਕੌਰ ਦੇ ਬੇਟੇ ਅਮਰ ਚੰਦ ਦੇ ਜਨਮ ਦੀ ਤਾਰੀਖ਼ ਵੀ ਨਹੀਂ ਮਿਲਦੀ। ਹਾਂ, ਏਨਾ ਜ਼ਰੂਰ ਪਤਾ ਚੱਲਦਾ ਹੈ ਕਿ ਮਾਤਾ ਸੁਲੱਖਣੀ ਨੇ 3 ਜੁਲਾਈ 1721 ਨੂੰ, ਬੀਬੀ ਰੂਪ ਕੌਰ ਨੇ 24 ਅਗਸਤ 1727 ਨੂੰ ਅਤੇ ਭਾਈ ਅਮਰ ਚੰਦ (ਸਿੰਘ) ਨੇ 21 ਮਾਰਚ 1746 ਦੇ ਦਿਨ ਕੀਰਤਪੁਰ ਵਿਚ ਹੀ ਚਲਾਣਾ ਕੀਤਾ। ਇਕ ਸੋਮੇ

ਮੁਤਾਬਿਕ ਭਾਈ ਅਮਰ ਸਿੰਘ ਦੀ ਔਲਾਦ ਚੱਲੀ ਸੀ ਅਤੇ ਉਹ ਕਾਫ਼ੀ ਦੇਰ ਤਕ ਕੀਰਤਪੁਰ ਰਹਿੰਦੇ ਰਹੇ ਸਨ। ਮਗਰੋਂ ਪਟਿਆਲੇ ਦੇ ਰਾਜੇ ਨੇ ਉਨ੍ਹਾਂ ਨੂੰ ਪਿੰਡ ਵਿਚ ਜਾਗੀਰ ਦੇ ਦਿੱਤੀ ਸੀ ਤੇ ਉਹ ਉਥੇ ਵੀ ਰਹਿੰਦੇ ਰਹੇ ਸਨ।

1700 ਤੋਂ ਮਗਰੋਂ ਕੀਰਤਪੁਰ

ਸੰਨ 1696 ਵਿਚ ਅਨੰਦਪੁਰ ਸਾਹਿਬ ਤੇ ਬਿਲਾਸਪੁਰ ਵਿਚ ਸਬੰਧ ਵਿਗੜ ਜਾਣ ਨਾਲ ਤੇ ਖ਼ਾਸ ਕਰ ਕੇ ਖਾਲਸਾ ਪਰਗਟ ਕਰਨ ਮਗਰੋਂ ਸਿੱਖਾਂ ਅਤੇ ਬਿਲਾਸਪੁਰੀਆਂ ਵਿਚ ਲੜਾਈਆਂ ਸ਼ੁਰੂ ਹੋ ਗਈਆਂ ਸਨ। 1700 ਦੀ ਅਕਤੂਬਰ ਵਿਚ ਬਿਲਾਸਪੁਰੀ ਰਾਜੇ ਦੀ ਅਰਜ਼ ਮੰਨਦਿਆਂ ਉਸ ਦਾ ਨੱਕ ਰੱਖਣ ਵਾਸਤੇ ਗੁਰੂ ਸਾਹਿਬ ਅਨੰਦਪੁਰ ਛੱਡ ਕੇ ਇਕ ਵਾਰ ਨਿਰਮੋਹਗੜ੍ਹ ਦੀ ਪਹਾੜੀ 'ਤੇ ਚਲੇ ਗਏ ਸਨ, ਪਰ ਗੁਰੂ ਸਾਹਿਬ ਕੀਰਤਪੁਰ ਨਹੀਂ ਠਹਿਰੇ ਸਨ। ਉਨ੍ਹਾਂ ਨੂੰ ਪਹਾੜੀਆਂ ਦੀ ਨੀਅਤ ਪਤਾ ਸੀ, ਇਸ ਕਰ ਕੇ ਬੀਬੀ ਰੂਪ ਕੌਰ ਦੇ ਪਰਿਵਾਰ ਨੂੰ ਮੁਸ਼ਕਿਲ ਤੋਂ ਬਚਾਉਣ ਵਾਸਤੇ ਉਹ ਉਥੇ ਨਹੀਂ ਠਹਿਰੇ।

ਇੰਝ ਹੀ ਜਦੋਂ 5-6 ਦਸੰਬਰ 1705 ਦੀ ਰਾਤ ਨੂੰ ਗੁਰੂ ਸਾਹਿਬ ਨੇ ਅਨੰਦਪੁਰ ਛੱਡਿਆ ਤਾਂ ਵੀ ਗੁਰੂ ਸਾਹਿਬ ਇਸੇ ਵਜ੍ਹਾ ਕਰ ਕੇ ਕੀਰਤਪੁਰ ਨਹੀਂ ਰੁਕੇ ਅਤੇ ਸਰਸਾ ਪਾਰ ਕਰ ਕੇ ਕੋਟਲਾ ਨਿਹੰਗ 'ਚੋਂ ਹੁੰਦੇ ਹੋਏ ਚਮਕੌਰ ਵੱਲ ਨਿਕਲ ਗਏ ਸਨ।

ਗੁਰੂ ਸਾਹਿਬ ਦੇ ਇਸ ਇਲਾਕੇ ਵਿੱਚੋਂ ਚਲੇ ਜਾਣ ਮਗਰੋਂ ਕੀਰਤਪੁਰ ਇਕ ਆਮ ਪਿੰਡ ਜਿਹਾ ਬਣ ਕੇ ਰਹਿ ਗਿਆ। ਇਹ ਵੱਖਰੀ ਗੱਲ ਹੈ ਕਿ ਇਥੇ ਗੁਰੂ ਹਰਿ ਰਾਇ ਸਾਹਿਬ ਦੀ ਪਤਨੀ ਤੇ ਉਨ੍ਹਾਂ ਦੀ ਬੇਟੀ ਬੀਬੀ ਰੂਪ ਕੌਰ ਕਈ ਸਾਲ ਇਥੇ ਰਹਿੰਦੇ ਰਹੇ ਸਨ, ਪਰ ਉਨ੍ਹਾਂ ਦੀ ਮੌਜੂਦਗੀ ਦਾ ਸਿੱਖ ਹੋਮਲੈਂਡ ਦੀ ਸਿਆਸਤ ਵਿਚ ਕੋਈ ਰੋਲ ਨਾ ਹੋਣ ਕਰ ਕੇ ਉਹ ਚੁੱਪਚਾਪ ਉਥੇ ਰਹਿੰਦੇ ਰਹੇ ਅਤੇ ਹਮਲਿਆਂ ਅਤੇ ਵੱਡੀਆਂ ਮੁਸ਼ਕਿਲਾਂ ਤੋਂ ਬਚੇ ਰਹੇ।

ਅੱਜ ਦਾ ਕੀਰਤਪੁਰ ਗੁਰੂ ਸਾਹਿਬਾਂ ਦੇ ਵੇਲੇ ਵਾਲਾ ਕੀਰਤਪੁਰ ਨਹੀਂ ਹੈ, ਕਿਉਂਕਿ ਬਿਲਾਸਪੁਰ ਤੇ ਹੋਰ ਇਲਾਕਿਆਂ ਵੱਲ ਮੁਖ ਰਸਤੇ ਦਾ ਮੋੜ ਹੋਣ ਕਰ ਕੇ ਇਥੇ ਕਾਫ਼ੀ ਰਸ਼ ਹੋ ਗਿਆ ਹੈ। ਉਂਝ ਅਜੇ ਵੀ ਕੀਰਤਪੁਰ ਇਕ ਸ਼ਹਿਰ ਜਾਂ ਬੜਾ ਵੱਡਾ ਕਸਬਾ ਨਹੀਂ ਹੈ ਤੇ ਇਥੋਂ ਦੀ ਪੱਕੀ ਆਬਾਦੀ ਬਹੁਤ ਥੋੜ੍ਹੀ ਹੈ। ਜੇ ਇਸ ਨੂੰ ਇਕ ਵੱਡਾ ਪਿੰਡ ਜਾਂ ਇਕ ਨਿੱਕਾ ਕਸਬਾ ਆਖ ਲਿਆ ਜਾਵੇ ਤਾਂ ਗ਼ਲਤ ਨਹੀਂ ਹੈ।

ਕੀਰਤਪੁਰ ਸਾਹਿਬ ਵਿਚ ਬਹੁਤ ਸਾਰੇ ਗੁਰਦੁਆਰੇ ਹਨ, ਇਸ ਕਰ ਕੇ ਸਿੱਖ ਸੰਗਤਾਂ ਅਕਸਰ ਇਥੇ ਆਉਂਦੀਆਂ ਰਹਿੰਦੀਆਂ ਹਨ। ਇਹ ਸਿੱਖ-ਸ਼ਹਿਰ ਸਿੱਖਾਂ ਵਾਸਤੇ ਪਵਿੱਤਰ ਮਿੱਟੀ ਵਜੋਂ ਜਾਣਿਆ ਜਾਂਦਾ ਹੈ। ਇਥੇ ਛੇ ਗੁਰੂ ਸਾਹਿਬਾਨ ਦੇ ਕਦਮਾਂ ਦੀ ਛੋਹ ਲੱਗੀ ਹੋਈ ਹੈ। ਇਥੇ ਪੈਰ ਰੱਖਦਿਆਂ ਹੀ ਸਿੱਖਾਂ ਦੇ ਸਿਰ ਅਕੀਦਤ ਨਾਲ ਝੁਕ ਜਾਂਦੇ ਹਨ। ਕਿਸੇ ਵੇਲੇ ਦੀ ਇਹ ਬੰਜਰ ਜ਼ਮੀਨ ਗੁਰੂ ਸਾਹਿਬ ਦੀ ਛੋਹ ਨਾਲ ਦੁਨੀਆਂ ਭਰ ਦੇ ਨਕਸ਼ੇ ਵਿਚ ਅਹਿਮੀਅਤ ਵਾਲੀ ਜਗ੍ਹਾ ਬਣ ਗਈ ਹੈ।

ਕੀਰਤਪੁਰ ਸਾਹਿਬ ਦੇ ਗੁਰਦੁਆਰੇ

ਗੁਰਦੁਆਰਾ ਚਰਨ ਕੰਵਲ

ਇਹ ਗੁਰਦੁਆਰਾ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੋਇਆ ਹੈ। ਗੁਰੂ ਸਾਹਿਬ ਆਪਣੀਆਂ ਉਦਾਸੀਆਂ ਦੌਰਾਨ ਭਾਈ ਮਰਦਾਨਾ ਨਾਲ ਇਥੋਂ ਲੰਘੇ ਸਨ। ਉਦੋਂ ਅਜੇ ਕੀਰਤਪੁਰ ਸਾਹਿਬ ਦਾ ਮੁੱਢ ਨਹੀਂ ਬੱਝਾ ਸੀ। ਜਦੋਂ ਗੁਰੂ ਸਾਹਿਬ ਇਥੇ ਠਹਿਰੇ ਤਾਂ ਨੇੜੇ ਇਕ ਪਹਾੜੀ 'ਤੇ ਰਹਿੰਦੇ ਮੁਸਲਮਾਨ ਸਾਈਂ ਬੁੱਢਣ ਸ਼ਾਹ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਾ। ਉਹ ਦੁੱਧ ਲੈ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਿਰ ਹੋਇਆ। (ਸਾਈਂ ਬੁੱਢਣ ਸ਼ਾਹ ਦਾ ਤਕੀਆ ਸ਼ਹਿਰੋਂ ਬਾਹਰ ਇਕ ਪਹਾੜੀ ਉੱਤੇ ਹੈ ਅਤੇ ਉਸ ਦੇ ਮਜ਼ਾਰ ਦੇ ਆਗੂਆਂ ਨੇ ਇਹ ਪ੍ਰਚਾਰ ਕੀਤਾ ਹੋਇਆ ਹੈ ਕਿ ਜੋ ਸਿਖ ਕੀਰਤਪੁਰ ਸਾਹਿਬ ਆ ਕੇ ਸਾਈਂ ਬੁੱਢਣ ਸ਼ਾਹ ਦੇ ਮਜ਼ਾਰ 'ਤੇ ਨਹੀਂ ਜਾਂਦਾ, ਉਸ ਦੀ ਯਾਤਰਾ ਕਾਮਯਾਬ ਨਹੀਂ ਹੁੰਦੀ। ਇਹ ਗ਼ਲਤ ਪ੍ਰਚਾਰ ਹੈ। ਸਿੱਖ ਕਿਸੇ ਗ਼ੈਰ-ਸਿੱਖ ਧਰਮ ਅਸਥਾਨ, ਕਬਰ, ਮਜ਼ਾਰ ਜਾਂ ਸਮਾਧ 'ਤੇ ਮੱਥਾ ਨਹੀਂ ਟੇਕਦਾ। ਇਸ ਕਰ ਕੇ ਸਾਈਂ ਬੁੱਢਣ ਸ਼ਾਹ ਦੀ ਯਾਦਗਾਰ 'ਤੇ ਜਾਣਾ ਸਿੱਖ ਲਈ ਗ਼ਲਤ ਹੈ। ਉਂਞ ਜਾਣਕਾਰੀ ਜਾਂ ਦਿਲਚਸਪੀ ਵਾਸਤੇ ਕੋਈ ਵੀ ਜਗ੍ਹਾ ਵੇਖਣਾ ਜਾਇਜ਼ ਹੈ।)

ਗੁਰਦੁਆਰਾ ਹਰਿਮੰਦਰ ਸਾਹਿਬ

ਇਹ ਬਾਬਾ ਗੁਰਦਿੱਤਾ ਜੀ ਦੀ ਰਿਹਾਇਸ਼ ਸੀ। ਕੀਰਤਪੁਰ ਸਾਹਿਬ ਦੀ ਨੀਂਹ ਇਸੇ ਜਗ੍ਹਾ 'ਤੇ 23 ਅਪਰੈਲ, 1624 ਦੇ ਦਿਨ ਬਾਬਾ ਸ੍ਰੀਚੰਦ ਨੇ ਰੱਖੀ ਸੀ। ਯਾਨਿ, ਇਸ ਸਿੱਖ-ਨਗਰੀ ਦੀ ਪਹਿਲੀ ਇਮਾਰਤ ਇਥੇ ਹੀ ਬਣੀ ਸੀ।

ਗੁਰਦੁਆਰਾ ਸ਼ੀਸ਼ ਮਹਲ

ਇਹ ਬਾਬਾ ਗੁਰਦਿੱਤਾ ਜੀ ਦਾ ਘਰ ਸੀ। ਮਈ 1635 ਵਿਚ ਕੀਰਤਪੁਰ ਸਾਹਿਬ ਆਉਣ ਮਗਰੋਂ ਗੁਰੂ ਹਰਿਗੋਬਿੰਦ ਸਾਹਿਬ ਵੀ ਇਥੇ ਹੀ ਰਹਿੰਦੇ ਰਹੇ ਸਨ। ਸੋ, 1624 ਤੋਂ, ਅਤੇ ਖ਼ਾਸ ਕਰ ਕੇ 1635 ਤੋਂ 1663 ਤਕ, ਇਹ ਜਗ੍ਹਾ ਗੁਰੂ

ਪਰਿਵਾਰ ਦਾ ਘਰ ਸੀ। ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਇਸੇ ਜਗ੍ਹਾ 'ਤੇ ਹੋਇਆ ਸੀ। ਰਾਮ ਰਾਇ ਤੇ ਬੀਬੀ ਰੂਪ ਕੌਰ (ਬੇਟਾ ਤੇ ਬੇਟੀ ਗੁਰੂ ਹਰਿ ਰਾਇ ਸਾਹਿਬ) ਦਾ ਜਨਮ ਵੀ ਇਸੇ ਜਗ੍ਹਾ ਹੋਇਆ ਸੀ।

ਗੁਰਦੁਆਰਾ ਤਖ਼ਤ ਸਾਹਿਬ

ਗੁਰੂ ਹਰਿਗੋਬਿੰਦ ਸਾਹਿਬ ਨੇ ਕੀਰਤਪੁਰ ਸਾਹਿਬ ਆਉਣ ਤੋਂ ਬਾਅਦ ਇਸ ਅਸਥਾਨ 'ਤੇ ਆਪਣਾ ਤਖ਼ਤ ਕਾਇਮ ਕੀਤਾ ਸੀ ਅਤੇ ਕਿਲ੍ਹਾ ਬਣਵਾਇਆ ਸੀ। ਉਹ ਅਕਾਲ ਤਖ਼ਤ ਸਾਹਿਬ ਦੀ ਕਾਰਵਾਈ ਇਸ ਜਗ੍ਹਾ ਤੋਂ ਚਲਾਇਆ ਕਰਦੇ ਸਨ। ਇਸੇ ਹੀ ਜਗ੍ਹਾ 'ਤੇ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ 'ਗੱਦੀ ਨਸ਼ੀਨੀ' ਹੋਈ ਸੀ।

ਗੁਰਦੁਆਰਾ ਦਮਦਮਾ ਸਾਹਿਬ

ਇਸ ਜਗ੍ਹਾ 'ਤੇ ਗੁਰੂ ਹਰਿ ਰਾਇ ਸਾਹਿਬ ਬਾਹਰੋਂ ਆਈਆਂ ਸੰਗਤਾਂ ਨੂੰ ਦਰਸ਼ਨ ਦਿਆ ਕਰਦੇ ਸਨ। ਇਸ ਦੇ ਨੇੜੇ ਹੀ ਗੁਰੂ ਦਾ ਲੰਗਰ ਵੀ ਸੀ।

ਗੁਰੂ ਹਰਿ ਰਾਇ ਸਾਹਿਬ ਦਾ ਬਾਗ਼

ਇਸ ਜਗ੍ਹਾ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਗ਼ ਲਗਵਾਇਆ ਹੋਇਆ ਸੀ। ਇਸ ਬਾਗ਼ ਵਿਚ ਚਾਰੇ ਪਾਸੇ ਫੁਹਾਰੇ ਚਲਿਆ ਕਰਦੇ ਸਨ। ਇਸ ਬਾਗ਼ ਵਿਚ ਵੱਖ-ਵੱਖ ਤਰ੍ਹਾਂ ਦੇ ਫਲਾਂ ਤੇ ਜੜ੍ਹੀਆਂ ਬੂਟੀਆਂ ਦੇ ਦਰਖ਼ਤ ਲੱਗੇ ਹੋਏ ਸਨ। ਇਕ ਰਿਵਾਇਤ ਮੁਤਾਬਿਕ ਇਕ ਵਾਰ ਜਦੋਂ ਦਾਰਾ ਸ਼ਿਕੋਹ ਗੁਰੂ ਹਰਿ ਰਾਇ ਸਾਹਿਬ ਨੂੰ ਮਿਲਣ ਆਇਆ ਤਾਂ ਉਹ ਇਥੇ ਹੀ ਬੈਠਿਆ ਸੀ। ਗੁਰੂ ਸਾਹਿਬ ਨੇ ਉਸ ਨੂੰ ਇਕ ਹਰੜ ਦਿੱਤੀ ਸੀ, ਜਿਸ ਨੇ ਉਸ ਨੂੰ ਇਕ ਲੰਬੀ ਬੀਮਾਰੀ ਤੋਂ ਛੁਟਕਾਰਾ ਦਿੱਤਾ ਸੀ।

ਗੁਰਦੁਆਰਾ ਚੁਬੱਚਾ ਸਾਹਿਬ

ਇਸ ਜਗ੍ਹਾ ਗੁਰੂ ਹਰਿ ਰਾਇ ਸਾਹਿਬ ਦੇ ਘੋੜਿਆਂ ਦਾ ਚੁਬੱਚਾ ਹੁੰਦਾ ਸੀ। ਹੁਣ ਇਹ ਇਕ ਛੋਟੀ ਜਿਹੀ ਵਲਗਣ ਬਣ ਕੇ ਰਹਿ ਗਿਆ ਹੈ ਅਤੇ ਇਸ ਦੀ ਜ਼ਮੀਨ ਉੱਤੇ ਘਰ ਅਤੇ ਦੁਕਾਨਾਂ ਬਣ ਗਏ ਹਨ। ਗੁਰੂ ਹਰਿ ਰਾਇ ਸਾਹਿਬ ਕੋਲ 2200 ਘੋੜੇ, ਬਹੁਤ ਸਾਰੇ ਹਾਥੀ, ਮੱਝਾਂ ਅਤੇ ਗਊਆਂ ਸਨ, ਜੋ ਉਨ੍ਹਾਂ ਨੇ ਵੱਖ-ਵੱਖ ਅਸਤਬਲਾਂ ਵਿਚ ਰੱਖੇ ਹੋਏ ਸਨ। ਇਨ੍ਹਾਂ ਵਿੱਚੋਂ ਸਭ ਤੋਂ ਵੱਡਾ ਅਸਤਬਲ ਚਰਨੌਲੀ ਪਿੰਡ ਵਿਚ ਸੀ। ਇਨ੍ਹਾਂ ਸਾਰਿਆਂ ਪਸ਼ੂਆਂ ਵਾਸਤੇ ਦਾਣੇ ਦਾ ਸਟੋਰ ਇਥੇ ਹੀ ਹੁੰਦਾ ਸੀ। ਇਹ ਸਟੋਰ ਅੱਠੇ ਪਹਿਰ, ਤੀਹ ਦਿਨ, ਬਾਰਾਂ ਮਹੀਨੇ ਦਾਣੇ ਨਾਲ ਭਰਪੂਰ ਰਿਹਾ ਕਰਦਾ ਸੀ।

ਗੁਰਦੁਆਰਾ ਮੰਜੀ ਸਾਹਿਬ

ਇਸ ਜਗ੍ਹਾ ਬੀਬੀ ਰੂਪ ਕੌਰ (ਸਪੁੱਤਰੀ ਗੁਰੂ ਹਰਿ ਰਾਇ ਸਾਹਿਬ) ਦਾ ਘਰ ਸੀ। ਇਸ ਗੁਰਦੁਆਰੇ ਵਿਚ ਬੀਬੀ ਰੂਪ ਕੌਰ ਦਾ ਹੱਥੀਂ ਕੱਢਿਆ ਰੁਮਾਲ, ਉਨ੍ਹਾਂ ਦੇ ਵੇਲੇ ਦੀ ਗੁਰਬਾਣੀ ਦੇ ਸ਼ਬਦਾਂ ਦੀ ਇਕ ਪੋਥੀ (ਇਸ ਬਾਰੇ ਵੱਖਰਾ ਚੈਪਟਰ ਅਖ਼ੀਰ 'ਤੇ ਵੇਖੋ), ਬੀਬੀ ਰੂਪ ਕੌਰ ਦੀ ਇਕ ਹੱਥ ਪੱਖੀ ਅਤੇ ਬਾਬਾ ਸ੍ਰੀਚੰਦ ਦੀ ਸੇਲੀ ਟੋਪੀ (ਜੋ ਉਨ੍ਹਾਂ ਬਾਬਾ ਗੁਰਦਿੱਤਾ ਨੂੰ ਭੇਟ ਕੀਤੀ ਸੀ ਅਤੇ ਮਾਤਾ ਬਸੀ ਨੇ ਬੀਬੀ ਰੂਪ ਕੌਰ ਨੂੰ ਦਾਜ ਵਿਚ ਦਿੱਤੀ ਸੀ) ਪਈਆਂ ਹੋਈਆਂ ਸਨ। ਇਸ ਗੁਰਦੁਆਰੇ ਦਾ ਨਾਂ 'ਮੰਜੀ ਸਾਹਿਬ' ਇਸ ਕਰ ਕੇ ਪਿਆ ਕਿਉਂਕਿ ਇਥੇ ਗੁਰੂ ਹਰਿਗੋਬਿੰਦ ਸਾਹਿਬ ਦੇ ਜ਼ਮਾਨੇ ਦੀ ਕਹੀ ਜਾਂਦੀ ਇਕ ਮੰਜੀ ਪਈ ਹੋਈ ਦੱਸੀ ਜਾਂਦੀ ਹੈ।

ਗੁਰਦੁਆਰਾ ਤੀਰ ਸਾਹਿਬ

ਇਕ ਰਿਵਾਇਤ ਮੁਤਾਬਿਕ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਵਾਰ ਇਥੋਂ ਇਕ ਤੀਰ ਮਾਰਿਆ, ਜੋ ਸਤਲੁਜ ਦਰਿਆ ਦੇ ਨੇੜੇ (ਅਜੋਕੇ ਗੁਰਦੁਆਰਾ ਪਤਾਲਪੁਰੀ ਕੋਲ) ਜਾ ਕੇ ਡਿੱਗਿਆ ਸੀ। ਇਸ ਗੁਰਦੁਆਰੇ ਨੂੰ ਜਾਣ ਦੇ ਦੋ ਰਸਤੇ ਹਨ: ਇਕ ਪੱਕੀ ਸੜਕ ਰਾਹੀਂ ਬਾਬਾ ਗੁਰਦਿੱਤਾ ਦੇ ਗੁਰਦੁਆਰੇ ਵੱਲੋਂ ਅਤੇ ਦੂਜਾ ਗੁਰਦੁਆਰਾ ਬਾਉਲੀ ਸਾਹਿਬ ਦੇ ਨੇੜੇ 100 ਪੌੜੀਆਂ ਚੜ੍ਹ ਕੇ। ਪੌੜੀਆਂ ਵਾਲਾ ਰਸਤਾ ਪੁਰਾਣਾ ਹੈ।

ਗੁਰਦੁਆਰਾ ਪਤਾਲਪੁਰੀ

ਇਹ ਗੁਰਦੁਆਰਾ ਸਤਲੁਜ ਦਰਿਆ ਦੇ ਕੰਢੇ 'ਤੇ ਹੈ। ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦਾ ਸਸਕਾਰ ਇਥੇ ਹੀ ਹੋਇਆ ਸੀ। ਗੁਰੂ ਹਰਿਕ੍ਰਿਸ਼ਨ ਸਾਹਿਬ (ਜੋ ਦਿੱਲੀ ਵਿਚ ਜੋਤੀ ਜੋਤਿ ਸਮਾਏ ਸਨ) ਦੀਆਂ ਅਸਥੀਆਂ ਵੀ ਇਥੇ ਹੀ ਜਲ ਪ੍ਰਵਾਹ ਕੀਤੀਆਂ ਗਈਆਂ ਸਨ। ਬਾਬਾ ਅਣੀ ਰਾਏ (ਪੁੱਤਰ ਗੁਰੂ ਹਰਿਗੋਬਿੰਦ ਸਾਹਿਬ) ਦਾ ਸਸਕਾਰ ਵੀ ਇਥੇ ਹੀ ਕੀਤਾ ਗਿਆ ਸੀ।

ਗੁਰਦੁਆਰਾ ਬਿਬਾਨਗੜ੍ਹ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਭਾਈ ਜੈਤਾ (ਜੀਵਣ ਸਿੰਘ), ਉਸ ਦੇ ਪਿਤਾ ਭਾਈ ਆਗਿਆ, ਭਾਈ ਊਦਾ (ਪੁੱਤਰ ਖੇਮਾ ਚੰਦਨੀਆ) ਤੇ ਭਾਈ ਨਾਨੂੰ ਰਾਮ ਦਿਲਵਾਲੀ ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਚੱਕ ਨਾਨਕੀ ਲਿਜਾਂਦੇ ਹੋਏ 16 ਨਵੰਬਰ 1675 ਦੇ ਦਿਨ ਇਸ ਜਗ੍ਹਾ ਰੁਕੇ ਸਨ। ਇਥੋਂ ਸੀਸ ਨੂੰ ਚੱਕ ਨਾਨਕੀ ਲਿਜਾ ਕੇ ਅਗਲੇ ਦਿਨ ਗੁਰਦੁਆਰਾ ਸੀਸ ਗੰਜ ਵਾਲੀ ਜਗ੍ਹਾ 'ਤੇ ਸਸਕਾਰ ਕੀਤਾ ਸੀ।

ਗੁਰਦੁਆਰਾ ਬਾਬਾ ਗੁਰਦਿੱਤਾ

ਬਾਬਾ ਗੁਰਦਿੱਤਾ ਅਤੇ ਬਾਬਾ ਸ੍ਰੀਚੰਦ ਦੀ ਯਾਦ ਵਿਚ ਇਹ ਗੁਰਦੁਆਰਾ ਕੀਰਤਪੁਰ ਤੋਂ ਇਕ ਕਿਲੋਮੀਟਰ ਦੂਰ ਇਕ ਪਹਾੜੀ ਦੇ ਉਪਰ ਬਣਿਆ ਹੋਇਆ ਹੈ। ਬਾਬਾ ਗੁਰਦਿੱਤਾ ਨੇ ਇਸ ਜਗ੍ਹਾ 'ਤੇ ਚੜ੍ਹਾਈ ਕੀਤੀ ਸੀ। ਇਸ ਜਗ੍ਹਾ ਇਕ ਨਿੰਮ ਦਾ ਦਰਖ਼ਤ ਹੈ, ਜੋ ਬਾਬਾ ਗੁਰਦਿੱਤਾ ਦੇ ਜ਼ਮਾਨੇ ਦਾ ਮੰਨਿਆ ਜਾਂਦਾ ਹੈ। ਇਸ ਗੁਰਦੁਆਰੇ ਦੇ ਦੋ ਰਸਤੇ ਹਨ : ਪੁਰਾਣਾ ਰਸਤਾ ਪੌੜੀਆਂ ਦਾ ਹੈ। ਗੁਰਦੁਆਰੇ ਪਹੁੰਚਣ ਵਾਸਤੇ 138 ਪੌੜੀਆਂ ਚੜ੍ਹਨੀਆਂ ਪੈਂਦੀਆਂ ਹਨ। ਨਵੇਂ ਰਸਤੇ 'ਤੇ ਮੋਟਰ ਕਾਰਾਂ ਵੀ ਜਾ ਸਕਦੀਆਂ ਹਨ।

ਗੁਰਦੁਆਰਾ ਬਾਉਲੀ ਸਾਹਿਬ

ਕੀਰਤਪੁਰ ਸਾਹਿਬ ਵਿਚ ਦੋ ਬਾਉਲੀਆਂ ਹਨ। ਇਕ ਬਾਉਲੀ ਗੁਰਦੁਆਰਾ ਹਰਿਮੰਦਰ ਸਾਹਿਬ ਦੇ ਪਿੱਛੇ ਹੈ ਅਤੇ ਦੂਜੀ ਕੀਰਤਪੁਰ–ਬਿਲਾਸਪੁਰ ਸੜਕ 'ਤੇ ਬਿਲਾਸਪੁਰ ਜਾਂਦਿਆਂ ਸੱਜੇ ਹੱਥ, ਗੁਰਦੁਆਰਾ ਤੀਰ ਸਾਹਿਬ ਦੀਆਂ ਪੌੜੀਆਂ ਦੇ ਪੈਰਾਂ ਵਿਚ ਹੈ। ਹਰਿਮੰਦਰ ਸਾਹਿਬ ਦੇ ਪਿੱਛੇ ਵਾਲੀ ਬਾਉਲੀ ਦਾ ਟੱਕ ਬਾਬਾ ਸ੍ਰੀਚੰਦ ਨੇ 23 ਅਪਰੈਲ, 1624 ਦੇ ਦਿਨ ਲਾ ਕੇ ਪੁਟਾਈ ਸ਼ੁਰੂ ਕੀਤੀ ਸੀ। ਗੁਰਦੁਆਰਾ ਤੀਰ ਸਾਹਿਬ ਦੇ ਨੇੜੇ ਦੀ ਬਾਉਲੀ ਸ਼ਾਇਦ ਮਗਰੋਂ ਬਣਾਈ ਗਈ ਹੋਵੇ। ਇਹ ਬਾਉਲੀ ਕਲਿਆਣਪੁਰ ਦੀ ਹੱਦ ਦੇ ਨਾਲ ਲੱਗਦੀ ਹੈ ਅਤੇ 1624 'ਚ ਬਣੀ ਬਾਉਲੀ ਕੀਰਤਪੁਰ ਸਾਹਿਬ ਵਿਚ ਹੈ।

ਕੀਰਤਪੁਰ ਸਾਹਿਬ ਦੇ ਨਜ਼ਦੀਕ ਦੇ ਗੁਰਦੁਆਰੇ

ਗੁਰਦੁਆਰਾ ਬਰੋਟਾ ਸਾਹਿਬ

ਇਹ ਗੁਰਦੁਆਰਾ ਕੀਰਤਪੁਰ ਤੋਂ ਤਿੰਨ ਕਿਲੋਮੀਟਰ ਦੂਰ ਹੈ। ਇਕ ਰਿਵਾਇਤ ਮੁਤਾਬਿਕ ਸਤਵੇਂ ਪਾਤਿਸ਼ਾਹ ਇਥੇ ਹਾਥੀ ਬੰਨ੍ਹਿਆ ਕਰਦੇ ਸਨ। ਇਸ ਦਾ ਨਾਂ ਫ਼ੀਲਖ਼ਾਨਾ ਸੀ। ਹਾਥੀ ਬੰਨ੍ਹਣ ਵਾਲਾ ਕਿੱਲਾ ਹਰਾ ਹੋ ਜਾਣ ਮਗਰੋਂ ਬਰੋਟਾ ਬਣ ਗਿਆ ਸੀ। ਇਕ ਰਿਵਾਇਤ ਮੁਤਾਬਿਕ ਦਸਵੇਂ ਪਾਤਿਸ਼ਾਹ ਵੀ ਇਥੇ ਆਇਆ ਕਰਦੇ ਸਨ।

ਗੁਰਦੁਆਰਾ ਮਿੱਠਾ ਸਰ

ਇਹ ਜਗ੍ਹਾ ਅਨੰਦਪੁਰ ਤੋਂ ਛੇ ਕਿਲੋਮੀਟਰ ਤੇ ਕੀਰਤਪੁਰ ਤੋਂ ਤਿੰਨ ਕਿਲੋਮੀਟਰ ਪਿੰਡ ਕੋਟਲਾ ਦੇ ਨੇੜੇ ਹੈ। ਇਥੇ ਛੇਵੇਂ ਪਾਤਿਸ਼ਾਹ ਨੇ ਇਕ ਖੂਹ ਲਗਵਾਇਆ ਸੀ, ਜਿਸਦਾ ਪਾਣੀ ਬਹੁਤ ਮਿੱਠਾ ਸੀ। ਇਸ ਕਰ ਕੇ ਇਸ ਨੂੰ 'ਮਿੱਠਾ ਸਰ' ਗੁਰਦੁਆਰਾ ਆਖਿਆ ਜਾਣ ਲੱਗ ਪਿਆ ਸੀ।

ਗੁਰਦੁਆਰਾ ਨਿਰਮੋਹਗੜ੍ਹ

ਹਰਦੋ-ਨਿਰਮੋਹ ਕੀਰਤਪੁਰ ਸਾਹਿਬ ਦੇ ਨਜ਼ਦੀਕ ਹੀ ਦੋ ਜੁੜਵਾ ਪਿੰਡ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਇਨ੍ਹਾਂ ਪਿੰਡਾਂ ਦੇ ਬਾਹਰਵਾਰ ਇਕ ਵੱਡੀ ਪਹਾੜੀ 'ਤੇ 3 ਅਕਤੂਬਰ ਤੋਂ 13 ਅਕਤੂਬਰ ਤਕ (11 ਦਿਨ) ਰਹੇ ਸਨ।

29 ਅਗਸਤ ਤੋਂ 1 ਸਤੰਬਰ ਤਕ ਚਾਰ ਦਿਨ ਅਜਮੇਰ ਚੰਦ ਬਿਲਾਸਪੁਰੀ ਦੀਆਂ ਫ਼ੌਜਾਂ ਨੇ ਅਨੰਦਪੁਰ ਸਾਹਿਬ 'ਤੇ ਚਾਰ ਹਮਲੇ ਕੀਤੇ ਸਨ ਅਤੇ ਚੌਹਾਂ ਵਿਚ ਹੀ ਹਾਰ ਖਾਧੀ ਸੀ। ਹਾਰ ਤੇ ਨਮੋਸ਼ੀ ਦੇ ਮਾਰੇ ਪਹਾੜੀ ਰਾਜੇ ਲੋਕਾਂ ਨੂੰ ਮੂੰਹ ਦਿਖਾਣ ਜੋਗੇ ਨਹੀਂ ਸਨ। 30 ਸਤੰਬਰ 1700 ਦੇ ਦਿਨ ਕੁਝ ਪਹਾੜੀ ਰਾਜੇ ਬਿਲਾਸਪੁਰ 'ਚ ਇਕੱਠੇ ਹੋਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਨਾਲ ਸਮਝੌਤਾ ਕਰ ਕੇ ਇੱਜ਼ਤ ਬਚਾਈ ਜਾਏ। ਉਨ੍ਹਾਂ 1 ਅਕਤੂਬਰ ਦੇ ਦਿਨ ਬੁੱਢੇ ਵਜ਼ੀਰ ਪਰਮਾ ਨੰਦ ਨੂੰ ਅਨੰਦਪੁਰ ਸਾਹਿਬ ਭੇਜਿਆ। ਪਰਮਾ ਨੰਦ ਨੇ ਆਟੇ ਦੀ ਗਾਂ ਬਣਾ ਕੇ ਅਨੰਦਗੜ੍ਹ ਕਿਲ੍ਹੇ ਦੇ ਬਾਹਰ ਰੱਖ ਦਿੱਤੀ ਤੇ ਨਾਲ ਇਕ ਖ਼ਤ ਵੀ ਰੱਖ ਦਿੱਤਾ, ਜਿਸ ਵਿਚ ਲਿਖਿਆ ਸੀ ਕਿ ਗੁਰੂ ਜੀ ਤੁਸੀਂ ਕੁਝ ਦਿਨਾਂ ਵਾਸਤੇ ਅਨੰਦਪੁਰ ਖ਼ਾਲੀ ਕਰ ਜਾਓ ਸਾਡੀ ਇੱਜ਼ਤ ਰਹਿ ਜਾਏਗੀ। ਕੁਝ ਦਿਨ ਮਗਰੋਂ ਤੁਸੀਂ ਫੇਰ ਵਾਪਿਸ ਆ ਜਾਣਾ। ਅਸੀਂ ਗਾਂ ਦੀ ਕਸਮ ਖਾ ਕੇ ਆਖਦੇ ਹਾਂ ਕਿ ਅਸੀਂ ਮੁੜ ਕੇ ਕਦੇ ਵੀ ਅਨੰਦਪੁਰ ਸਾਹਿਬ 'ਤੇ ਹਮਲਾ ਨਹੀਂ ਕਰਾਂਗੇ। ਗੁਰੂ ਸਾਹਿਬ ਪਹਾੜੀਆਂ ਦੀ ਚਾਲਾਕੀ ਨੂੰ ਸਮਝਦੇ ਸਨ, ਪਰ ਫਿਰ ਵੀ ਉਨ੍ਹਾਂ ਨੇ ਤਰਸ ਖਾ ਕੇ ਅਨੰਦਪੁਰ ਛੱਡ ਦਿੱਤਾ ਅਤੇ ਨਿਰਮੋਹਗੜ੍ਹ ਦੀ ਟਿੱਬੀ 'ਤੇ ਜਾ ਕੇ ਤੰਬੂ ਗੱਡ ਲਏ। ਪਰ ਪਹਾੜੀਏ ਗਾਂ ਦੀ ਕਸਮ ਖਾ ਕੇ ਵੀ ਨਾ ਟਲੇ। ਉਨ੍ਹਾਂ 8 ਅਕਤੂਬਰ 1700 ਦੇ ਦਿਨ ਨਿਰਮੋਹਗੜ੍ਹ ਦੀ ਪਹਾੜੀ 'ਤੇ ਹਮਲਾ ਕਰ ਦਿੱਤਾ। ਇਸ ਲੜਾਈ 'ਚ ਬਹੁਤ ਸਾਰੇ ਪਹਾੜੀਏ ਮਾਰੇ ਗਏ। ਸ਼ਾਮ ਤਕ ਹੰਭ ਕੇ ਪਹਾੜੀ ਫ਼ੌਜਾਂ ਵਾਪਿਸ ਮੁੜ ਗਈਆਂ।

ਇਸ ਮਗਰੋਂ ਅਜਮੇਰ ਚੰਦ ਨੇ ਰੋਪੜ ਦੇ ਨਵਾਬ ਤਕ ਪਹੁੰਚ ਕਰ ਕੇ ਉਸ ਤੋਂ ਨਿਰਮੋਹਗੜ੍ਹ 'ਤੇ ਹਮਲਾ ਕਰਵਾਇਆ। 13 ਤੇ 14 ਅਕਤੂਬਰ 1700 ਦੇ ਦਿਨ ਏਥੇ ਫੇਰ ਲੜਾਈ ਹੋਈ।

ਪਤਾਲਪੁਰੀ ਅਤੇ ਸਿੱਖ ਫ਼ਿਲਾਸਫ਼ੀ

ਗੁਰਦੁਆਰਾ ਪਤਾਲਪੁਰੀ ਉਸ ਥਾਂ 'ਤੇ ਬਣਿਆ ਹੋਇਆ ਹੈ, ਜਿਥੇ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿ ਰਾਇ ਸਾਹਿਬ ਦਾ ਸਸਕਾਰ ਕੀਤਾ ਗਿਆ ਸੀ। ਇਸੇ ਜਗ੍ਹਾ 'ਤੇ ਬਾਬਾ ਸੂਰਜ ਮੱਲ, ਬਾਬਾ ਅਣੀ ਰਾਏ, ਮਾਤਾ ਬਸੀ, ਮਾਤਾ ਸੁਲੱਖਣੀ, ਬੀਬੀ ਰੂਪ ਕੌਰ ਅਤੇ ਕਈ ਹੋਰਾਂ ਦੇ ਸਸਕਾਰ ਵੀ ਕੀਤੇ ਗਏ ਸਨ।

ਕੁਝ ਸਾਲਾਂ ਤੋਂ ਸਿੱਖਾਂ ਦਾ ਇਕ ਹਿੱਸਾ ਆਪਣੇ ਰਿਸ਼ਤੇਦਾਰਾਂ ਦੀਆਂ ਅਸਥੀਆਂ ਇਸ ਗੁਰਦੁਆਰੇ ਦੇ ਪਿੱਛੇ ਦਰਿਆ ਸਤਲੁਜ ਦੇ ਇਕ ਨਾਲੇ ਵਿਚ ਪਰਵਾਹ ਕਰਨ ਲੱਗ ਪਏ ਹਨ। ਇਥੇ ਬਹੁਤ ਥੋੜ੍ਹਾ ਪਾਣੀ ਹੋਣ ਕਰ ਕੇ ਕਈ ਥਾਂਵਾਂ 'ਤੇ ਹੱਡੀਆਂ ਦੇ ਢੇਰ ਲੱਗੇ ਹੋਏ ਵੀ ਦਿੱਸਦੇ ਹਨ।

ਸਿੱਖ ਫ਼ਲਸਫ਼ੇ ਮੁਤਾਬਕ ਮਰ ਚੁੱਕੇ ਸ਼ਖ਼ਸ ਦੀਆਂ ਅਸਥੀਆਂ ਉਸ ਦੇ ਸਸਕਾਰ ਵਾਲੇ ਨਗਰ/ਪਿੰਡ ਦੇ ਨੇੜੇ ਵਗਦੇ ਕਿਸੇ ਵੀ ਦਰਿਆ, ਨਹਿਰ, ਚੋਅ ਜਾਂ ਕਿਸੇ ਵੀ ਹੋਰ ਵਗਦੇ ਪਾਣੀ ਵਿਚ ਪਰਵਾਹ ਕਰ ਦੇਣੀਆਂ ਚਾਹੀਦੀਆਂ ਹਨ। ਸਿੱਖਾਂ ਨੂੰ ਇਸ ਬਾਰੇ ਕੋਈ ਵਹਿਮ ਨਹੀਂ ਕਰਨਾ ਚਾਹੀਦਾ, ਕਿਉਂਕਿ ਸਿੱਖਾਂ ਵਾਸਤੇ ਹਰ ਦਰਿਆ, ਨਹਿਰ, ਨਾਲਾ ਇੱਕੋ ਜਿਹਾ ਹੈ, ਕਿਸੇ ਥਾਂ ਦੀ ਕੋਈ ਅਹਿਮੀਅਤ ਨਹੀਂ। ਕੋਈ ਥਾਂ ਜਾਂ ਦਰਿਆ ਪਵਿੱਤਰ ਨਹੀਂ ਤੇ ਨਾ ਹੀ ਕੋਈ ਅਪਵਿੱਤਰ ਹੈ। ਗੁਰੂ ਸਾਹਿਬ ਦੀ ਇਸ ਬਾਰੇ ਸਾਫ਼ ਹਦਾਇਤ ਹੈ ਕਿ ਕਿਸੇ ਵੀ ਥਾਂ ਜਾਂ ਦਰਿਆ ਨੂੰ ਹਿੰਦੂਆਂ ਦੇ ਹਰਿਦੁਆਰ ਵਾਂਗ ਅਖੌਤੀ-ਪਵਿੱਤਰ ਦਰਜਾ ਨਹੀਂ ਦੇਣਾ। ਸਿੱਖ ਫ਼ਲਸਫ਼ੇ ਮੁਤਾਬਕ ਮੌਤ ਮਗਰੋਂ ਇਨਸਾਨ ਦਾ ਜਿਸਮ 'ਮਿੱਟੀ ਦੀ ਢੇਰੀ' ਹੀ ਰਹਿ ਜਾਂਦਾ ਹੈ ਅਤੇ ਇਸ 'ਮਿੱਟੀ ਦੀ ਢੇਰੀ' ਨੂੰ ਗੰਗਾ ਜਾਂ ਸਤਲੁਜ ਦੇ ਵਹਿਮ ਤੋਂ ਦੂਰ ਰੱਖਣਾ ਚਾਹੀਦਾ ਹੈ। ਹਰਿਦੁਆਰ, ਕੀਰਤਪੁਰ, ਗੋਇੰਦਵਾਲ ਜਾਂ ਕੋਈ ਵੀ ਥਾਂ ਹੋਵੇ, ਇਨ੍ਹਾਂ ਦੀ ਕੋਈ ਅਹਿਮੀਅਤ ਨਹੀਂ ਅਤੇ ਨਾ ਹੀ ਇਥੋਂ ਦਾ ਪਾਣੀ ਕੋਈ ਖ਼ਾਸ ਦਰਜਾ ਰੱਖਦੇ ਹਨ।

ਕੀਰਤਪੁਰ ਸਿੱਖਾਂ ਦਾ ਹਰਿਦੁਆਰ ਨਹੀਂ ਅਤੇ ਗੁਰਦੁਆਰਾ ਪਤਾਲਪੁਰੀ ਸਿੱਖਾਂ ਵਾਸਤੇ (ਹਿੰਦੂਆਂ ਦੀ ਤਰਜ਼ 'ਤੇ) ਅਖੌਤੀ—'ਹਰਿ ਕੀ ਪੌੜੀ' ਨਹੀਂ ਹੈ। ਕੀਰਤਪੁਰ ਸਾਹਿਬ ਵਿਚ ਮਰ ਚੁੱਕੇ ਕਿਸੇ ਸਿੱਖ ਦੀਆਂ ਅਸਥੀਆਂ ਦੂਰੋਂ ਲਿਆ ਕੇ ਪਾਉਣਾ ਮਨਮਤ ਹੈ। ਇਹ ਗੁਰੂ ਸਾਹਿਬ ਦੇ ਦੱਸੇ ਰਸਤੇ ਤੋਂ ਉਲਟ ਹੈ। ਹਾਂ, ਜੇ ਕੋਈ ਸ਼ਖ਼ਸ ਇਸ ਇਲਾਕੇ ਦੇ ਨੇੜੇ-ਤੇੜੇ ਰਹਿੰਦਾ ਹੈ ਤੇ ਜੇ ਉਹ ਇਸ ਜਗ੍ਹਾ (ਜੇ ਇਥੇ ਪਾਣੀ ਵਗਦਾ ਹੋਵੇ ਤਾਂ) 'ਤੇ ਅਸਥੀਆਂ ਜਲ-ਪਰਵਾਹ ਕਰਦਾ ਹੈ ਤਾਂ ਉਹ ਵੱਖਰੀ ਗੱਲ ਹੈ।

ਬੀਬੀ ਰੂਪ ਕੌਰ ਦੀ ਪੋਥੀ

ਕੀਰਤਪੁਰ ਸਾਹਿਬ ਵਿਚ ਗੁਰੂ ਹਰਿ ਰਾਇ ਸਾਹਿਬ ਦੀ ਬੇਟੀ ਬੀਬੀ ਰੂਪ ਕੌਰ ਦੇ ਘਰ, ਜਿਸ ਨੂੰ ਹੁਣ ਗੁਰਦੁਆਰਾ ਮੰਜੀ ਸਾਹਿਬ ਆਖਦੇ ਹਨ, ਵਿਚ ਉਨ੍ਹਾਂ ਦੀ ਇਕ ਕੀਮਤੀ ਪੋਥੀ ਪਈ ਸੀ। 1604 ਵਿਚ ਤਿਆਰ ਹੋਇਆ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸਿੱਖ ਕੌਮ ਦਾ ਸਭ ਤੋਂ ਵੱਡਾ ਅਤੇ ਅਹਿਮ ਖ਼ਜ਼ਾਨਾ ਸੀ। ਇਹ ਖ਼ਜ਼ਾਨਾ ਅੰਮ੍ਰਿਤਸਰ, ਡਰੋਲੀ ਭਾਈ, ਕਰਤਾਰਪੁਰ, ਬਕਾਲਾ ਤੇ ਫੇਰ ਕਰਤਾਰਪੁਰ ਵਿਚ ਰਿਹਾ ਸੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਜਦੋਂ ਮੁਗ਼ਲਾਂ ਨੇ ਕਰਤਾਰਪੁਰ 'ਤੇ ਹਮਲਾ ਕੀਤਾ ਤਾਂ ਇਹ ਸਰੂਪ ਅਗਨ ਭੇਟ ਹੋ ਗਿਆ ਸੀ, ਜਦ ਕਿ ਧੀਰਮੱਲ ਦੇ ਵਾਰਿਸਾਂ ਦਾ ਦਾਅਵਾ ਹੈ ਕਿ ਉਨ੍ਹਾਂ ਕੋਲ ਪਿਆ ਸਰੂਪ ਅਸਲੀ ਤੇ ਉਹੀ ਹੈ। ਪਰ ਜੇ ਇਹ ਮੰਨ ਲਿਆ ਜਾਵੇ ਕਿ ਇਹ ਅਸਲ ਸਰੂਪ ਨਹੀਂ ਤਾਂ ਇਸ ਤੋਂ ਮਗਰੋਂ ਦੂਜੇ ਨੰਬਰ 'ਤੇ ਉਹ ਪੋਥੀ ਆਉਂਦੀ ਹੈ (ਸੀ), ਜੋ ਕੀਰਤਪੁਰ ਸਾਹਿਬ ਵਿਚ ਬੀਬੀ ਰੂਪ ਕੌਰ ਕੋਲ ਸੀ। ਇਸ ਪੋਥੀ ਨੂੰ ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ (ਅਤੇ ਸ਼ਾਇਦ ਨੌਵੇਂ ਅਤੇ ਦਸਵੇਂ ਨਾਨਕ) ਦੇ ਹੱਥਾਂ ਦੀ ਛੋਹ ਲੱਗੀ ਹੋਈ ਸੀ। ਇਸ ਵਿਚਲੀ ਸਾਰੀ ਬਾਣੀ ਭਾਈ ਗੁਰਦਾਸ ਦੀ ਹੱਥ-ਲਿਖਤ ਬੀੜ ਤੋਂ ਉਤਾਰੀ ਹੋਈ ਸੀ, ਜਿਸ ਦਾ ਸਾਫ਼ ਪਤਾ ਉਸ ਪੋਥੀ ਦੇ ਪਹਿਲੇ ਸਫ਼ੇ ਤੋਂ ਲੱਗਦਾ ਹੈ।

ਇਹ ਪੋਥੀ, ਬਾਬਾ ਸ੍ਰੀ ਚੰਦ ਦੀ ਸੇਲੀ, ਬੀਬੀ ਰੂਪ ਕੌਰ ਦੇ ਹੱਥ ਦਾ ਕੱਢਿਆ ਰੁਮਾਲ ਅਤੇ ਇਕ ਪੱਖੀ, ਇਹ ਚਾਰੇ ਚੀਜ਼ਾਂ ਬੀਬੀ ਰੂਪ ਕੌਰ ਨੂੰ ਉਸ ਦੇ ਵਿਆਹ ਵੇਲੇ ਭੇਂਟ ਕੀਤੀਆਂ ਗਈਆਂ ਸਨ। ਇਹ ਚਾਰੇ ਚੀਜ਼ਾਂ ਬੀਬੀ ਰੂਪ ਕੌਰ ਨੂੰ ਮਾਤਾ ਬਸੀ (ਬੀਬੀ ਰੂਪ ਕੌਰ ਦੀ ਦਾਦੀ, ਗੁਰੂ ਹਰਿ ਰਾਇ ਸਾਹਿਬ ਦੀ ਮਾਤਾ ਅਤੇ ਬਾਬਾ ਗੁਰਦਿੱਤਾ ਦੀ ਪਤਨੀ) ਨੇ ਬੀਬੀ ਦੇ ਦਾਜ ਵਿਚ ਦਿੱਤੀਆਂ ਸਨ, ਜੋ ਬੀਬੀ ਆਪਣੀ ਡੋਲੀ ਨਾਲ ਪਸਰੂਰ ਲੈ ਕੇ ਗਈ ਸੀ। ਮਗਰੋਂ ਬੀਬੀ ਰੂਪ ਕੌਰ ਅਤੇ ਉਸ ਦਾ ਪਤੀ ਭਾਈ ਖੇਮ ਕਰਨ ਪਸਰੂਰ ਤੋਂ ਕੋਟ ਕਲਿਆਣਪੁਰ ਆ ਕੇ ਰਹਿਣ ਲੱਗ ਪਏ ਸਨ ਅਤੇ ਕੁਝ ਸਾਲ ਮਗਰੋਂ ਕੀਰਤਪੁਰ ਸਾਹਿਬ ਵਿਚ ਹੀ ਆ ਗਏ ਸਨ। ਕੀਰਤਪੁਰ ਸਾਹਿਬ ਵਿਚ ਉਹ ਮੌਜੂਦਾ ਗੁਰਦੁਆਰਾ ਮੰਜੀ ਸਾਹਿਬ ਵਾਲੀ ਥਾਂ 'ਤੇ ਰਹਿੰਦੇ ਰਹੇ ਸਨ। ਉਨ੍ਹਾਂ ਏਥੇ ਹੀ ਚੜ੍ਹਾਈ ਕੀਤੀ ਸੀ। ਉਨ੍ਹਾਂ ਦਾ ਬੇਟਾ ਅਮਰ ਚੰਦ (ਜੋ ਗੁਰੂ ਗੋਬਿੰਦ ਸਿੰਘ ਤੋਂ ਖੰਡੇ ਦੀ ਪਾਹੁਲ ਲੈ ਕੇ ਅਮਰ ਸਿੰਘ ਬਣਿਆ ਸੀ) ਵੀ ਸਾਰੀ ਹਯਾਤੀ ਇਸੇ ਘਰ ਵਿਚ ਹੀ ਰਹਿੰਦਾ ਰਿਹਾ ਸੀ।

ਤਕਰੀਬਨ ਸਾਢੇ ਤਿੰਨ ਸੌ ਸਾਲ ਤਕ ਇਹ ਕੀਮਤੀ ਪੋਥੀ ਇਸੇ ਘਰ ਵਿਚ

ਰਹੀ ਸੀ। ਪਹਿਲਾਂ ਇਹ ਗੁਰਦੁਆਰਾ ਭਾਈ ਅਮਰ ਸਿੰਘ ਦੇ ਵਾਰਿਸਾਂ ਕੋਲ ਰਿਹਾ ਸੀ, ਪਰ 1960 ਤੋਂ ਮਗਰੋਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਹਵਾਲੇ ਕਰ ਦਿੱਤਾ ਸੀ। 1960 ਤੋਂ 1999 ਤਕ ਵੀ ਇਹ ਪੋਥੀ ਇਸੇ ਗੁਰਦੁਆਰੇ ਵਿਚ ਰਹੀ ਸੀ।

ਮਈ 1998 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਕ ਮਤੇ ਰਾਹੀਂ ਮੈਨੂੰ ਅਨੰਦਪੁਰ ਸਾਹਿਬ ਦਾ ਇਤਿਹਾਸ ਲਿਖਣ ਦੀ ਸੇਵਾ ਸੌਂਪੀ। ਮੈਂ ਇਸ ਸਿਲਸਿਲੇ ਵਿਚ ਕੀਰਤਪੁਰ ਸਾਹਿਬ ਵੀ ਗਿਆ। ਉਥੇ ਇਸ ਖ਼ਜ਼ਾਨੇ ਦੇ ਦਰਸ਼ਨ ਕਰ ਕੇ ਮਨ ਬੜਾ ਖ਼ੁਸ਼ ਹੋਇਆ। ਮੈਂ ਇਸ ਪੋਥੀ ਦੇ ਪਹਿਲੇ, ਦੂਜੇ, ਆਖ਼ਰੀ ਸਫ਼ਿਆਂ ਅਤੇ ਟਾਈਟਲ ਦੀਆਂ ਤਸਵੀਰਾਂ ਲਈਆਂ, ਜੋ ਸ਼੍ਰੋਮਣੀ ਕਮੇਟੀ ਵੱਲੋਂ ਛਪੀ ਕਿਤਾਬ *ਅਨੰਦਪੁਰ ਸਾਹਿਬ* ਵਿਚ ਛਪੀਆਂ ਹੋਈਆਂ ਹਨ।

ਮੈਂ ਉਦੋਂ ਵੀ ਸੋਚਿਆ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ 'ਆਦਿ ਬੀੜ' ਤੋਂ ਬਾਅਦ ਗੁਰੂ ਸਾਹਿਬ ਦੀ ਛੋਹ, ਦਸਤਖ਼ਤਾਂ ਅਤੇ ਪ੍ਰਵਾਨਗੀ ਵਾਲਾ ਦੂਜਾ ਇਹ ਗ੍ਰੰਥ ਵੀ ਕਿਤੇ ਗ਼ਾਇਬ ਨਾ ਹੋ ਜਾਵੇ?


ਜੋ ਖ਼ਦਸ਼ਾ ਸੀ, ਉਹੀ ਹੋਇਆ। ਮੈਂ ਕੁਝ ਤਾਰੀਖ਼ਾਂ ਜੋ ਇਸ ਪੋਥੀ ਦੇ ਆਖ਼ੀਰ 'ਤੇ ਹੱਥ ਨਾਲ ਲਿਖੀਆਂ ਹੋਈਆਂ ਸਨ, ਨੋਟ ਕਰਨ ਵਾਸਤੇ ਜਦੋਂ ਗੁਰਦੁਆਰਾ ਮੰਜੀ ਸਾਹਿਬ ਪੁੱਜਾ ਤਾਂ ਉਹ ਪੋਥੀ ਉਥੋਂ ਗ਼ਾਇਬ ਸੀ। ਮੈਂ ਉਥੇ ਕਾਰ-ਸੇਵਾ ਕਰਵਾ ਰਹੇ ਇਕ ਜ਼ਿੰਮੇਵਾਰ ਸ਼ਖ਼ਸ ਨੂੰ ਉਸ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਉਹ ਪੋਥੀ ਅਸੀਂ ਨਹੀਂ ਵੇਖੀ। ਅਸੀਂ ਜੂਨ 2000 ਤੋਂ ਇਥੇ ਕਾਰ-ਸੇਵਾ ਕਰਵਾ ਰਹੇ ਹਾਂ। ਪੋਥੀ ਇਸ ਤੋਂ ਪਹਿਲਾਂ ਹੀ ਗ਼ਾਇਬ ਹੋ ਚੁੱਕੀ ਸੀ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਉਹ ਪੋਥੀ ਕਿਥੇ ਗਈ ਹੈ ਤਾਂ ਉਹ ਹੱਸ ਪਿਆ ਅਤੇ ਕਹਿਣ ਲੱਗਾ ਕਿ ਸਰਦਾਰ ਸਾਹਿਬ, ਉਹ ਤਾਂ ਕਿਸੇ 'ਵਲੈਤੀਏ' ਨੂੰ ਵੇਚ ਦਿੱਤੀ ਗਈ ਹੈ। ਉਸ ਦੀ ਗੱਲ ਸੁਣ ਕੇ ਮੇਰੀ ਤਸੱਲੀ ਨਾ ਹੋਈ। ਮੈਂ ਇਸ ਬਾਰੇ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਮੈਨੇਜਰ ਤੋਂ ਪਤਾ ਕੀਤਾ। ਉਸ ਨੇ ਆਖਿਆ ਕਿ ਉਹ ਪੋਥੀ ਕਾਰ-ਸੇਵਾ ਵਾਲਿਆਂ ਨੇ ਗ਼ਾਇਬ ਕੀਤੀ ਹੈ। ਮੈਂ ਫਿਰ ਕਾਰ-ਸੇਵਾ ਵਾਲਿਆਂ ਕੋਲ ਆਇਆ ਅਤੇ ਮੈਨੇਜਰ ਦਾ ਜਵਾਬ ਦੱਸਿਆ। ਇਸ 'ਤੇ ਕਾਰ-ਸੇਵਾ ਵਾਲੇ ਨੇ ਕਿਹਾ ਕਿ ਸਰਦਾਰ ਸਾਹਿਬ, ਜੇ ਕਰ ਅਸੀਂ ਪੋਥੀ ਵੇਚੀ ਹੁੰਦੀ ਤਾਂ ਸ਼੍ਰੋਮਣੀ ਕਮੇਟੀ ਨੇ ਇਸ ਕੇਸ ਨੂੰ ਪੁਲਿਸ ਵਿਚ ਦੇ ਦੇਣਾ ਸੀ। ਇਹ ਪੋਥੀ ਜੂਨ 2000 ਤੋਂ ਪਹਿਲਾਂ ਦੀ ਗ਼ਾਇਬ ਹੈ, ਪਰ ਸ਼੍ਰੋਮਣੀ ਕਮੇਟੀ ਨੇ ਨਾ ਤਾਂ ਗ੍ਰੰਥੀ ਦੇ ਖ਼ਿਲਾਫ਼, ਨਾ ਮੈਨੇਜਰ ਦੇ ਖ਼ਿਲਾਫ਼ ਅਤੇ ਨਾ ਹੀ ਕਿਸੇ ਕਾਰ ਸੇਵਾ-ਵਾਲੇ ਸੇਵਾਦਾਰ ਦੇ ਖ਼ਿਲਾਫ਼ ਰਿਪੋਰਟ ਦਰਜ ਕਰਵਾਈ ਹੈ। ਜੇ ਕਮੇਟੀ ਕਾਰ-ਸੇਵਾ ਵਾਲਿਆਂ 'ਤੇ ਦੋਸ਼ ਲਾਉਂਦੀ ਹੈ ਤਾਂ ਐਫ਼.ਆਰ.ਆਈ. ਦਰਜ ਕਰਾਵੇ। ਪੁਲਿਸ ਆਪੇ ਬਕਵਾ ਲਵੇਗੀ।

ਇੰਞ ਸਿੱਖ ਕੌਮ ਦਾ ਇਕ ਕੀਮਤੀ ਖ਼ਜ਼ਾਨਾ ਬੀਬੀ ਜਗੀਰ ਕੌਰ ਦੇ ਅਹਿਦ ਵਿਚ ਜਾਂ ਉਸ ਦੀ ਲਾਪਰਵਾਹੀ ਕਰਕੇ ਜਾਂ ਉਸ ਦੀ ਮਿਲੀ-ਭੁਗਤ ਕਰਕੇ ਗ਼ਾਇਬ ਹੋ ਗਿਆ ਹੈ। ਪੁਲਿਸ ਦੀ ਮਾਰ ਤਾਂ ਬੜੇ-ਬੜਿਆਂ ਨੂੰ ਬਕਾ ਦੇਂਦੀ ਹੈ ਤੇ ਇਸ ਸਕੈਂਡਲ ਨੂੰ ਹੱਲ ਕਰਨਾ ਕੋਈ ਔਖਾ ਨਹੀਂ। ਪਰ ਜੇ ਬੀਬੀ ਜਗੀਰ ਕੌਰ ਜਾਂ ਗੁਰਦੁਆਰਾ ਮੈਨੇਜਰ


ਆਪ ਇਸ ਵਿਚ ਸ਼ਾਮਿਲ ਹਨ ਤਾਂ ਪੁਲਿਸ ਕੀ ਕਰ ਸਕੇਗੀ ? ਸੱਚ ਭਾਵੇਂ ਕੁਝ ਵੀ ਹੋਵੇ, ਪਰ ਇਕ ਹੋਰ ਬੜਾ ਵੱਡਾ ਕੀਮਤੀ ਖ਼ਜ਼ਾਨਾ ਗ਼ਾਇਬ ਕਰ ਦਿੱਤਾ ਗਿਆ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਥ ਨੂੰ ਇਸ ਦੀ ਖ਼ਬਰ ਤਕ ਨਹੀਂ ਹੈ।

ਜੇ ਇਹੀ ਹਾਲ ਰਿਹਾ ਤਾਂ ਭਲਕ ਨੂੰ ਇਸ ਗੁਰਦੁਆਰੇ ਵਿਚ ਪਈਆਂ ਬਾਕੀ ਕੀਮਤੀ ਚੀਜ਼ਾਂ, ਦਰਬਾਰ ਸਾਹਿਬ ਦਾ ਤੋਸ਼ਾਖ਼ਾਨਾ ਅਤੇ ਹੋਰਨਾਂ ਗੁਰਦੁਆਰਿਆਂ ਵਿਚ ਪਏ ਸ਼ਸਤਰ ਤੇ ਹੋਰ ਸਾਮਾਨ ਵੀ ਇਕ-ਇਕ ਕਰ ਕੇ ਵੇਚ ਦਿੱਤਾ ਜਾ ਸਕਦਾ ਹੈ। ਪੰਥ ਨੂੰ ਇਹ ਪੋਥੀ ਮੁਜਰਿਮਾਂ ਦੇ ਹੱਡਾਂ ਵਿੱਚੋਂ ਕਢਵਾ ਕੇ ਅਸਲ ਮੁਜਰਿਮ ਭਾਵੇਂ ਉਹ ਪ੍ਰਧਾਨ ਹੈ ਜਾਂ ਮੈਨੇਜਰ ਜਾਂ ਕੋਈ ਹੋਰ ਮੁਲਾਜ਼ਮ ਜਾਂ ਕਾਰ-ਸੇਵਾ ਵਾਲਾ, ਉਸ ਨੂੰ ਬੇਨਕਾਬ ਕਰਨਾ ਚਾਹੀਦਾ ਹੈ, ਵਰਨਾ ਤਵਾਰੀਖ਼ ਮੁਆਫ਼ ਨਹੀਂ ਕਰੇਗੀ।

ਪੰਜਾਬ ਦੇ ਨਕਸ਼ੇ ਵਿਚ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ



ਕੀਰਤਪੁਰ ਸਾਹਿਬ ਦੇ ਪਿੰਡਾਂ ਦੀ ਹਦਬੰਦੀ




(ਮੋਟੀਆਂ ਲਾਈਨਾਂ ਸਤਲੁਜ ਦਰਿਆ ਅਤੇ ਬਰਸਾਤੀ ਨਾਲੇ ਹਨ)


ਸਰਕਾਰੀ ਰਿਕਾਰਡ ਮੁਤਾਬਿਕ ਚੱਕ ਨਾਨਕੀ ਪਿੰਡ ਦਾ ਨੰਬਰ 361, ਅਨੰਦਪੁਰ ਸਾਹਿਬ ਦਾ 321, ਅਗੰਮਪੁਰ ਦਾ 360, ਲੋਦੀਪੁਰ ਦਾ 362, ਮੀਆਂਪੁਰ ਦਾ 319, ਸਹੋਟਾ ਦਾ 320, ਥੰਪਲ ਦਾ 322, ਤਾਰਾਪੁਰ ਦਾ 323 ਅਤੇ ਮਟੌਰ ਦਾ 364 ਹੈ। ਇਹ ਸਾਰੇ ਵਖਰੇ-ਵਖਰੇ ਪਿੰਡ ਹਨ।

ਕੀਰਤਪੁਰ ਸਾਹਿਬ ਪਿੰਡ ਦਾ ਨੰਬਰ 373, ਭਗਵਾਲਾ ਦਾ 371, ਭਟੌਲੀ ਦਾ 372, ਜਿਓਵਾਲ ਦਾ 345, ਕਲਿਆਣਪੁਰ ਦਾ 346, ਅਤੇ ਚਨੌਲੀ ਦਾ 408 ਹੈ।

ਕੀਰਤਪੁਰ ਸਾਹਿਬ ਦਾ 1926 ਦਾ ਇਕ ਨਕਸ਼ਾ



ਊਨਾ ਤੋਂ ਮਾਛੀਵਾੜਾ (ਅਨੰਦਪੁਰ ਸਾਹਿਬ—ਕੀਰਤਪੁਰ ਸਾਹਿਬ ਜ਼ੋਨ ਦੇ ਵੱਖ-ਵੱਖ ਗੁਰਦੁਆਰਿਆਂ ਦਾ ਨਕਸ਼ਾ)



ਡਾਕਟਰ ਹਰਜਿੰਦਰ ਸਿੰਘ ਦਿਲਗੀਰ ਲਿਖਤ ਕਿਤਾਬਾਂ :

English :

- Akal Takht Sahib (1980, 1995)
- Who Are the Sikhs ? (1991)
- The Sikhs' Struggle for Sovereignty (1992)
- India Kills the Sikhs (1992, 1994)
- The Sikh Reference Book (1997)
- Who Are the Sikhs ? [New] (2000)
- Japuji Sahib (forthcoming)
- Prominent Sikhs of the time of Guru Sahib (forthcoming)
- The Sikh Culture (forthcoming)

ਪੰਜਾਬੀ :

- ਸ਼ਰੋਮਣੀ ਅਕਾਲੀ ਦਲ (1978, 2000)
- ਅਕਾਲ ਤਖ਼ਤ ਸਾਹਿਬ (1986, 2000)
- ਖ਼ਾਲਿਸਤਾਨ ਦੀ ਤਵਾਰੀਖ਼ (1988)
- ਸਿੱਖ ਹਾਈਜੈਕਰ (1989)
- ਖਾੜਕੂ ਲੇਖ (1990)
- ਸਿੱਖ ਜੁਝਾਰਵਾਦ ਤੇ ਹੋਰ ਲੇਖ (1991)
- ਜੁਝਾਰੂ ਕਲਾਮ (1992)
- ਸਿੱਖ ਕਲਚਰ (1991, 1994, 1996)
- ਅਕਾਲੀ ਲਹਿਰ ਦਾ ਕਲਾਮ (1998)
- ਸਿੱਖ ਮਸਲੇ (1998)
- ਅਨੰਦਪੁਰ ਸਾਹਿਬ (1998)
- ਸਿੱਖ ਕੌਣ ਹਨ ? (1999)
- 1955 ਦਾ ਪੰਜਾਬੀ ਸੂਬਾ ਮੋਰਚਾ (1999)
- ਸ਼ਰੋਮਣੀ ਕਮੇਟੀ ਕਿਵੇਂ ਬਣੀ (2000)
- ਅਨੰਦਪੁਰ ਸਾਹਿਬ (ਲਾਈਟ ਐਂਡ ਸਾਊਂਡ ਪਲੇ) (2000)
- ਗੁਰੂ ਦੇ ਸ਼ੇਰ (2001)
- ਕੀਰਤਪੁਰ ਸਾਹਿਬ (2002)
- ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ (2001)
- ਸਿੱਖ ਜਥੇਬੰਦੀਆਂ (ਆ ਰਹੀ ਹੈ)
- ਦੁਨੀਆਂ ਨਿੱਕੀ ਜਿਹੀ (ਸਫ਼ਰਨਾਮਾ) (ਆ ਰਹੀ ਹੈ)
- ਗੁਰੂ ਘਰ ਦੇ ਲਾਸਾਨੀ ਸੇਵਾਦਾਰ (ਆ ਰਹੀ ਹੈ)

ਹਿੰਦੀ :

- ਐਮਰਜੰਸੀ ਕੇ ਅਤਿਆਚਾਰ (1977)
- ਅਨੰਦਪੁਰ ਸਾਹਿਬ ਕਾ ਇਤਿਹਾਸ (2000)
- ਸਿੱਖ ਕੌਣ ਹੈਂ ? (2002)
- ਸਿੱਖ ਸਭਿਆਚਾਰ (ਆ ਰਹੀ ਹੈ)


Danish :

- Hvem Er Sikheme ? (1994)

Deutch :

- Wie Zijn De Sikhs ? (1994)

Deutch (German), Spanish, Portuguese, Italian, Japanese, Chinese, Thai, Hindi, Urdu versions of **Who Are the Sikhs ?** are coming very soon.



ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ
ਗੁਰਦੁਆਰਾ ਚਰਨ ਕਮਲ



ਗੁਰਦੁਆਰਾ ਸ਼ੀਸ਼ ਮਹਲ
(ਗੁਰੂ ਸਾਹਿਬ ਦੀ ਰਿਹਾਇਸ਼)




ਗੁਰਦੁਆਰਾ ਕੋਟ ਤਖ਼ਤ ਸਾਹਿਬ ਜੀ



ਗੁਰਦੁਆਰਾ ਬਾਬਾ ਗੁਰਦਿੱਤਾ ਜੀ
(ਦੂਰ ਦੀ ਤਸਵੀਰ)



ਗੁਰਦੁਆਰਾ ਬਾਬਾ ਗੁਰਦਿੱਤਾ ਜੀ
(ਉਪਰੋਂ ਲਈ ਗਈ ਤਸਵੀਰ)



ਗੁਰਦੁਆਰਾ ਬਾਉਲੀ ਸਾਹਿਬ ਜੀ
(ਪਿਛੇ ਗੁਰਦੁਆਰਾ ਤੀਰ ਸਾਹਿਬ ਦੀ ਪਹਾੜੀ ਨਜ਼ਰ ਆ ਰਹੀ ਹੈ।)



ਗੁਰਦੁਆਰਾ ਤੀਰ ਸਾਹਿਬ ਜੀ



ਗੁਰਦੁਆਰਾ ਚੁਬੱਚਾ ਸਾਹਿਬ



ਗੁਰਦੁਆਰਾ ਮੰਜੀ ਸਾਹਿਬ ਜੀ
(ਬੀਬੀ ਰੂਪ ਕੌਰ ਦੀ ਰਿਹਾਇਸ਼)




ਬੀਬੀ ਰੂਪ ਕੌਰ ਦਾ ਹੱਥੀਂ-ਕੱਢਿਆ ਰੁਮਾਲ (1670)



ਬਾਬਾ ਸ੍ਰੀ ਚੰਦ ਦੀ ਸੇਲੀ-ਟੋਪੀ (1550)



ਬੀਬੀ ਰੂਪ ਕੌਰ ਦੀ ਪੱਖੀ (1670)



ਗੁਰਦੁਆਰਾ ਬਿਬਾਨਗੜ੍ਹ ਸਾਹਿਬ ਜੀ



ਗੁਰਦੁਆਰਾ ਤੀਰ ਸਾਹਿਬ ਦੀ ਬੁਰਜੀ ਤੋਂ ਕੀਰਤਪੁਰ ਸਾਹਿਬ ਦਾ ਇਕ ਦ੍ਰਿਸ਼
(ਜਿਥੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕ ਤੀਰ ਚਲਾਇਆ ਜੋ ਅਜੋਕੀ
ਪਤਾਲਪੁਰੀ ਵਾਲੀ ਥਾਂ 'ਤੇ ਡਿੱਗਾ। ਦੂਰ ਗੁਰਦੁਆਰਾ ਪਤਾਲਪੁਰੀ ਨਜ਼ਰ ਆ ਰਿਹਾ ਹੈ।)



ਬੀਬੀ ਰੂਪ ਕੌਰ ਜੀ ਦੀ ਪੋਥੀ

ISBN 2-930247-02-9

9 782930 247021